Samaj Weekly

ਸਮਾਜ ਵੀਕਲੀ

Punjabi, Hindi & English Newspaper - UK & EU Edition

Vol : 4 : # ਅੰਕ 10 | 08/05/2025 | www.samajweekly.com | samajweekly | @samajweekly | samajweekly

# ਭਾਰਤ 'ਚ ਬਲੈਕ ਆਊਟ

**ਪੌਣੀ ਸਦੀ ਦੌਰਾਨ ਭਾਰਤ-ਪਾਕਿ ਦਾ ਕਈ ਵਾਰ ਹੋਇਆ ਟਕਰਾਅ**

1947 (ਪਹਿਲਾ ਭਾਰਤ-ਪਾਕਿ ਜੰਗ)

1965 (ਦੂਜੀ ਭਾਰਤ-ਪਾਕਿ ਜੰਗ)

1971 (ਬੰਗਲਾਦੇਸ਼ ਮੁਕਤੀ ਜੰਗ)

1999 (ਕਾਰਗਿਲ ਜੰਗ)

2016 (ਉੜੀ ਹਮਲਾ)

2019 (ਪੁਲਵਾਮਾ ਹਮਲਾ)

ਕੇਂਦਰੀ ਗ੍ਰਹਿ ਮੰਤਰਾਲੇ ਦੇ ਨਿਰਦੇਸ਼ਾਂ 'ਤੇ, ਦੇਸ਼ ਵਿੱਚ ਸੁਰੱਖਿਆ ਤਿਆਰੀਆਂ ਨੂੰ ਮਜ਼ਬੂਤ ਕਰਨ ਅਤੇ ਕਿਸੇ ਵੀ ਐਮਰਜੈਂਸੀ, ਖਾਸ ਕਰਕੇ ਹਵਾਈ ਹਮਲੇ ਨਾਲ ਨਜਿੱਠਣ ਲਈ, ਬੁੱਧਵਾਰ, 7 ਮਈ) 35 ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ 259 ਜ਼ਿਲ੍ਹਿਆਂ ਵਿੱਚ ਇੱਕ ਵਿਆਪਕ ਸਿਵਲ ਡਿਫੈਂਸ ਰਿਹਰਸਲ (ਮੌਕ ਡ੍ਰਿਲ) ਦਾ ਆਯੋਜਨ ਕੀਤਾ ਗਿਆ। ਇਸ ਅਭਿਆਸ ਦਾ ਇੱਕ ਮਹੱਤਵਪੂਰਨ ਹਿੱਸਾ 'ਬਲੈਕਆਊਟ' ਯਾਨੀ ਪੂਰੀ ਤਰ੍ਹਾਂ ਬਿਜਲੀ ਬੰਦ ਕਰਨ ਦਾ ਅਭਿਆਸ ਸੀ। ਗ੍ਰਹਿ ਮੰਤਰਾਲੇ ਵੱਲੋਂ ਜਾਰੀ ਨੋਟੀਫਿਕੇਸ਼ਨ ਅਨੁਸਾਰ, ਇਸ ਰਿਹਰਸਲ ਵਿੱਚ ਜੰਗ ਜਾਂ ਹਮਲੇ ਵਰਗੀ ਸਥਿਤੀ ਨਾਲ ਨਜਿੱਠਣ ਲਈ ਵੱਖ-ਵੱਖ ਤਿਆਰੀਆਂ ਦੀ ਪਰਖ ਕੀਤੀ ਗਈ। ਇਸ ਵਿੱਚ ਹਵਾਈ ਹਮਲੇ ਦੀ ਚੇਤਾਵਨੀ ਦੇਣ ਵਾਲੇ ਸਾਇਰਨ ਵਜਾਉਣ ਦਾ ਅਭਿਆਸ ਕਰਨਾ ਸ਼ਾਮਲ ਸੀ। ਇਸ ਤੋਂ ਇਲਾਵਾ, ਨਾਗਰਿਕਾਂ ਅਤੇ ਵਿਦਿਆਰਥੀਆਂ ਨੂੰ ਹਮਲੇ ਦੀ ਸਥਿਤੀ ਵਿੱਚ ਆਪਣੇ ਆਪ ਨੂੰ ਕਿਵੇਂ ਸੁਰੱਖਿਅਤ ਰੱਖਣਾ ਹੈ, ਇਸ ਬਾਰੇ ਸਿਵਲ ਡਿਫੈਂਸ ਸਿਖਲਾਈ ਵੀ ਦਿੱਤੀ ਗਈ। ਰਿਹਰਸਲ ਦੌਰਾਨ, ਕਿਸੇ ਵੀ ਸੰਭਾਵੀ ਖਤਰੇ ਤੋਂ ਬਚਣ ਲਈ ਖੇਤਰ ਵਿੱਚ ਪੂਰੀ ਤਰ੍ਹਾਂ ਬਿਜਲੀ ਬੰਦ ਕਰਨ ਦੀ ਪ੍ਰਕਿਰਿਆ ਅਤੇ ਇਸ ਨਾਲ ਜੁੜੇ ਜ਼ਰੂਰੀ ਉਪਾਵਾਂ ਦਾ ਪ੍ਰਦਰਸ਼ਨ ਅਤੇ ਅਭਿਆਸ ਕੀਤਾ ਗਿਆ। ਇਸ ਤੋਂ ਇਲ-ਾਵਾ, ਮਹੱਤਵਪੂਰਨ ਪਲਾਂਟਾਂ ਅਤੇ ਸਥਾਪਨਾਵਾਂ ਦੀ ਸੁਰੱਖਿਆ ਲਈ ਤਿਆਰੀ ਅਤੇ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਲਿਜਾਣ ਦੀ ਯੋਜਨਾਬੰਦੀ ਅਤੇ ਲਾਗੂਕਰਨ ਦਾ ਵੀ ਅਭਿਆਸ ਕੀਤਾ ਗਿਆ।



## ਪੁਣਛ ਵਿਚ ਗੁਰਦੁਆਰੇ 'ਤੇ ਪਾਕਿ ਗੋਲਾਬਾਰੀ ਅਤੇ ਤਿੰਨ ਸਿੱਖਾਂ ਦੇ ਮਾਰੇ ਜਾਣ ਦੀ ਬਾਦਲ ਤੇ ਹੋਰ ਆਗੂਆਂ ਵੱਲੋਂ ਸਖ਼ਤ ਨਿਖੇਧੀ

**ਚੰਡੀਗੜ੍ਹ।** ਸ਼੍ਰੋਮਣੀ ਅਕਾਲੀ ਦਲ ਦੇ ਮੁਖੀ ਸੁਖਬੀਰ ਸਿੰਘ ਬਾਦਲ ਨੇ ਬੁੱਧਵਾਰ ਨੂੰ ਪਾਕਿਸਤਾਨੀ ਫੌਜਾਂ ਵੱਲੋਂ ਸਰਹੱਦ ਪਾਰ ਤੋਂ ਕੀਤੀ ਗਈ ਗੋਲੀਬਾਰੀ ਦੌਰਾਨ ਪੁਣਛ ਦੇ ਇੱਕ ਗੁਰਦੁਆਰੇ 'ਤੇ ਹੋਏ 'ਹਮਲੇ' ਦੀ ਸਖ਼ਤ ਨਿੰਦਾ ਕੀਤੀ ਹੈ। ਇਸ ਘਟਨਾ ਵਿਚ ਤਿੰਨ ਸਿੱਖਾਂ ਦੀ ਮੌਤ ਹੋ ਗਈ। ਪਾਕਿਸਤਾਨੀ ਫੌਜ ਵੱਲੋਂ ਬੁੱਧਵਾਰ ਨੂੰ ਜੰਮੂ-ਕਸ਼ਮੀਰ ਵਿੱਚ ਕੰਟਰੋਲ ਰੇਖਾ ਦੇ ਨਾਲ ਲੱਗਦੇ ਪਿੰਡਾਂ 'ਤੇ ਤੋਪਾਂ ਦੇ ਭਾਰੀ ਗੋਲੇ ਅਤੇ ਮੋਰਟਾਰ ਦਾਗੇ ਜਾਣ ਕਾਰਨ ਚਾਰ ਬੱਚਿਆਂ ਸਮੇਤ ਘੱਟੋ-ਘੱਟ 12 ਲੋਕ ਮਾਰੇ ਗਏ ਅਤੇ 57 ਹੋਰ ਜ਼ਖਮੀ ਹੋ ਗਏ। ਭਾਰਤੀ ਹਥਿਆਰਬੰਦ ਬਲਾਂ ਵੱਲੋਂ 22 ਅਪਰੈਲ ਨੂੰ ਦੱਖਣੀ ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਦਾ ਬਦਲਾ ਲੈਣ ਲਈ ਪਾਕਿਸਤਾਨ ਅਤੇ ਮਕਬੂਜ਼ਾ ਕਸ਼ਮੀਰ ਵਿੱਚ ਨੌਂ ਅੱਤਵਾਦੀ ਟਿਕਾਣਿਆਂ 'ਤੇ ਮਿਜ਼ਾਈਲ ਹਮਲੇ ਕੀਤੇ ਜਾਣ ਤੋਂ ਥੋੜ੍ਹੀ ਦੇਰ ਬਾਅਦ ਸਰਹੱਦ ਪਾਰ ਤੋਂ ਭਾਰੀ ਗੋਲੀਬਾਰੀ ਸ਼ੁਰੂ ਹੋ ਗਈ। ਭਾਰਤ ਦੇ ਹਮਲਿਆਂ ਵਿਚ ਪਾਕਿਸਤਾਨ ਵਾਲੇ ਪਾਸੇ 26 ਲੋਕ ਮਾਰੇ ਗਏ ਹਨ। ਅਧਿਕਾਰੀਆਂ ਨੇ ਕਿਹਾ ਕਿ



ਪਾਕਿਸਤਾਨੀ ਗੋਲੀਬਾਰੀ ਵਿੱਚ ਸਭ ਤੋਂ ਵੱਧ ਨੁਕ-ਸਾਨ ਪੁਣਛ ਜ਼ਿਲ੍ਹਾ ਹੋਇਆ, ਜਿੱਥੇ ਸਾਰੇ ਨਾਗਰਿਕ ਮਾਰੇ ਗਏ, ਉਨ੍ਹਾਂ ਕਿਹਾ ਕਿ 42 ਲੋਕ ਜ਼ਖਮੀ ਵੀ ਹੋਏ ਅਤੇ ਕੁਝ ਦੀ ਹਾਲਤ ਗੰਭੀਰ ਦੱਸੀ ਗਈ ਹੈ। ਮ੍ਰਿਤਕਾਂ ਵਿੱਚ ਪੁਣਛ ਵਿੱਚ ਅਮਰਜੀਤ ਸਿੰਘ, ਅਮਰੀਕ ਸਿੰਘ ਅਤੇ ਰਣਜੀਤ ਸਿੰਘ ਸ਼ਾਮਲ ਹਨ। ਸੁਖਬੀਰ ਸਿੰਘ ਬਾਦਲ ਨੇ X 'ਤੇ ਇੱਕ ਪੋਸਟ ਵਿੱਚ ਕਿਹਾ, "ਪੁਣਛ ਵਿੱਚ ਪਵਿੱਤਰ ਕੇਂਦਰੀ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਹਿਬ 'ਤੇ ਪਾਕਿਸਤਾਨੀ ਫੌਜਾਂ ਦੁਆਰਾ ਕੀਤੇ ਗਏ ਅਣਮਨੁੱਖੀ ਹਮਲੇ ਦੀ ਸਖ਼ਤ ਨਿੰਦਾ ਕਰਦਾ ਹਾਂ, ਜਿਸ ਵਿੱਚ ਤਿੰਨ ਨਿਰਦੋਸ਼ ਗੁਰਸਿੱਖ, ਜਿਨ੍ਹਾਂ ਵਿੱਚ ਭਾਈ ਅਮਰੀਕ ਸਿੰਘ ਜੀ (ਇੱਕ ਰਾਗੀ ਸਿੰਘ), ਭਾਈ ਅਮਰਜੀਤ ਸਿੰਘ ਅਤੇ ਭਾਈ ਰਣਜੀਤ ਸਿੰਘ ਸ਼ਾਮਲ ਹਨ, ਨੇ ਆਪਣੀਆਂ ਜਾਨਾਂ ਗੁਆ ਦਿੱਤੀਆਂ।" ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਪਾਰਟੀ ਮ੍ਰਿਤਕਾਂ ਦੇ ਪਰਿਵਾਰਾਂ ਨਾਲ ਪੂਰੀ ਏਕਤਾ ਪ੍ਰਗਟ ਕਰਦੀ ਹੈ ਅਤੇ ਵਿਛੜੇ ਲੋਕਾਂ ਲਈ ਸ਼ਾਂਤੀ ਅਤੇ ਉਨ੍ਹਾਂ ਦੇ ਦੋਸਤਾਂ ਅਤੇ ਅਜ਼ੀਜ਼ਾਂ ਲਈ ਹਿੰਮਤ ਦੀ ਅਰਦਾਸ ਕਰਦੀ ਹੈ। ਉਨ੍ਹਾਂ ਕਿਹਾ, "ਅਸੀਂ ਮੰਗ ਕਰਦੇ ਹਾਂ ਕਿ ਸ਼ਹੀਦਾਂ ਨੂੰ ਉਨ੍ਹਾਂ ਦੀ ਕੁਰਬਾਨੀ ਲਈ ਸਨਮਾਨਿਤ ਕੀਤਾ ਜਾਵੇ ਅਤੇ ਦੁਖੀ ਪਰਿਵਾਰਾਂ ਨੂੰ ਉਨ੍ਹਾਂ ਦੇ ਦੁੱਖ ਦੀ ਘੜੀ ਵਿੱਚ ਉਨ੍ਹਾਂ ਦਾ ਸਮਰਥਨ ਕਰਨ ਲਈ ਢੁਕਵਾਂ ਮੁਆਵਜ਼ਾ ਮਿਲੇ।" ਬਠਿੰਡਾ ਤੋਂ ਸੰਸਦ ਮੈਂਬਰ ਅਤੇ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਵੀ ਇਸ ਘਟਨਾ ਦੀ ਨਿੰਦਾ ਕੀਤੀ। ਉਨ੍ਹਾਂ ਐਕਸ 'ਤੇ ਲਿਖਿਆ, "ਪੁਣਛ ਵਿੱਚ ਪਾਕਿਸਤਾਨ ਵੱਲੋਂ ਕੀਤੀ ਗਈ ਗੋਲੀਬਾਰੀ ਦੌਰਾਨ ਭਾਈ ਅਮਰੀਕ ਸਿੰਘ ਰਾਗੀ, ਸਾਬਕਾ ਸੈਨਿਕ ਅਮਰਜੀਤ ਸਿੰਘ ਅਤੇ ਦੁਕਾਨਦ-ਾਰ ਰਣਜੀਤ ਸਿੰਘ ਦੀ ਦੁਖਦਾਈ ਮੌਤ ਬਾਰੇ ਜਾਣ ਕੇ ਦੁੱਖ ਹੋਇਆ।"

# ਪਾਕਿਸਤਾਨ ਵਿਰੁੱਧ ਹਮਲੇ ਕੀਤੇ ਜਾਣ ਦੇ ਮੱਦੇਨਜ਼ਰ 200 ਤੋਂ ਵੱਧ ਉਡਾਨਾਂ ਰੱਦ, 18 ਹਵਾਈ ਅੱਡੇ ਅਸਥਾਈ ਤੌਰ ’ਤੇ ਬੰਦ

**ਨਵੀਂ ਦਿੱਲੀ।** ਬੁੱਧਵਾਰ ਸਵੇਰੇ ਪਾਕਿਸਤਾਨ ਵਿਰੁੱਧ ਹਥਿਆਰਬੰਦ ਬਲਾਂ ਵੱਲੋਂ ਮਿਜ਼ਾਈਲ ਹਮਲੇ ਕੀਤੇ ਜਾਣ ਦੇ ਮੱਦੇਨਜ਼ਰ ਲਗਾਈਆਂ ਗਈਆਂ ਪਾਬੰਦੀਆਂ ਦੇ ਵਿਚਕਾਰ 200 ਤੋਂ ਵੱਧ ਉਡਾਨਾਂ ਰੱਦ ਕਰ ਦਿੱਤੀਆਂ ਗਈਆਂ ਹਨ ਅਤੇ ਸ੍ਰੀਨਗਰ ਸਮੇਤ ਘੱਟੋ-ਘੱਟ 18 ਹਵਾਈ ਅੱਡਿਆਂ ਨੂੰ ਅਸਥਾਈ ਤੌਰ ’ਤੇ ਸੰਚਾਲਨ ਲਈ ਬੰਦ ਕਰ ਦਿੱਤਾ ਗਿਆ ਹੈ। ਏਅਰ ਇੰਡੀਆ, ਇੰਡੀਗੋ, ਸਪਾਈਸਜੈੱਟ, ਏਅਰ ਇੰਡੀਆ ਐਕਸਪ੍ਰੈੱਸ, ਅਕਾਸਾ ਏਅਰ ਅਤੇ ਕੁਝ ਵਿਦੇਸ਼ੀ ਏਅਰਲਾਈਨਾਂ ਨੇ ਵੱਖ-ਵੱਖ ਹਵਾਈ ਅੱਡਿਆਂ ਤੋਂ ਆਉਣ-ਜਾਣ ਵਾਲੀਆਂ ਆਪਣੀਆਂ ਸੇਵਾਵਾਂ ਰੱਦ ਕਰ ਦਿੱਤੀਆਂ। ਸੂਤਰਾਂ ਨੇ ਦੱਸਿਆ ਕਿ ਦੇਸ਼ ਦੇ ਉੱਤਰੀ ਅਤੇ ਪੱਛਮੀ ਹਿੱਸਿਆਂ ਵਿੱਚ ਘੱਟੋ-ਘੱਟ 18 ਹਵਾਈ ਅੱਡਿਆਂ ਨੂੰ ਅਸਥਾਈ ਤੌਰ ’ਤੇ ਬੰਦ ਕਰ ਦਿੱਤਾ ਗਿਆ ਹੈ। ਇਨ੍ਹਾਂ ਹਵਾਈ ਅੱਡਿਆਂ ਵਿੱਚ ਸ੍ਰੀਨਗਰ, ਲੇਹ, ਜੰਮੂ, ਅੰਮ੍ਰਿਤਸਰ, ਪਠਾਨਕੋਟ, ਚੰਡੀਗੜ੍ਹ, ਜੋਧਪੁਰ, ਜੈਸਲਮੇਰ, ਸ਼ਿਮਲਾ, ਧਰਮਸ਼ਾਲਾ



ਅਤੇ ਜਾਮਨਗਰ ਸ਼ਾਮਲ ਹਨ।ਜਾਣਕਾਰੀ ਅਨੁਸਾਰ ਏਅਰਲਾਈਨਾਂ ਵੱਲੋਂ ਵੱਖ-ਵੱਖ ਹਵਾਈ ਅੱਡਿਆਂ ਤੋਂ ਆਉਣ-ਜਾਣ ਵਾਲੀਆਂ 200 ਤੋਂ ਵੱਧ ਉਡਾਨਾਂ ਰੱਦ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿੱਚੋਂ ਸਿਰਫ਼ ਇੰਡੀਗੋ ਨੇ ਹੀ ਲਗਭਗ 160 ਉਡਾਨਾਂ ਰੱਦ ਕੀਤੀਆਂ ਹਨ। ਏਅਰਲਾਈਨ ਨੇ ਐਕਸ ਪੋਸਟ ਵਿਚ ਕਿਹਾ, ‘‘ਇਨ੍ਹਾਂ ਹਵਾਈ ਅੱਡਿਆਂ ਨੂੰ ਬੰਦ ਕਰਨ ਬਾਰੇ ਹਵਾਬਾਜ਼ੀ ਅਧਿਕਾਰੀਆਂ ਵੱਲੋਂ ਜਾਰੀ ਨੋਟੀਫਿਕੇਸ਼ਨ ਤੋਂ ਬਾਅਦ ਜੰਮੂ, ਸ੍ਰੀਨਗਰ, ਲੇਹ, ਜੋਧਪੁਰ, ਅੰਮ੍ਰਿਤਸਰ, ਭੁਜ, ਜਾਮਨਗਰ, ਚੰਡੀਗੜ੍ਹ ਅਤੇ ਰਾਜਕੋਟ ਤੋਂ ਆਉਣ ਵਾਲੀਆਂ ਏਅਰ ਇੰਡੀਆ ਦੀਆਂ ਉਡਾਣਾਂ 10 ਮਈ ਨੂੰ 05.29 ਵਜੇ ਭਾਰਤੀ ਸਮੇਂ ਅਨੁਸਾਰ ਰੱਦ ਕੀਤੀਆਂ ਜਾ ਰਹੀਆਂ ਹਨ। ਦਿੱਲੀ ਇੰਟਰਨੈਸ਼ਨਲ ਏਅਰਪੋਰਟ ਲਿਮਟਿਡ ਨੇ ਇਕ ਪੋਸਟ ਵਿੱਚ ਕਿਹਾ ਕਿ ਉਸ ਨੇ ਪਾਕਿਸਤਾਨੀ ਹਵਾਈ ਖੇਤਰ ਬੰਦ ਹੋਣ ਕਾਰਨ ਪਾਕਿਸਤਾਨ ਲਈ ਉਡਾਨਾਂ ਅਸਥਾਈ ਤੌਰ ’ਤੇ ਮੁਅੱਤਲ ਕਰ ਦਿੱਤੀਆਂ ਹਨ।

## ਭਿਆਨਕ ਸੜਕ ਹਾਦਸੇ ’ਚ 6 ਸਕੂਲੀ ਬੱਚਿਆਂ ਤੇ ਇਨੋਵਾ ਡਰਾਈਵਰ ਦੀ ਮੌਤ

**ਪਟਿਆਲਾ।** ਇੱਥੇ ਪਟਿਆਲਾ-ਸਮਾਣਾ ਰੋਡ ‘ਤੇ ਸਥਿਤ ਪਿੰਡ ਢੈਂਠਲ ਕੋਲ ਵਾਪਰੇ ਇੱਕ ਭਿਆਨਕ ਸੜਕ ਹਾਦਸੇ ਵਿਚ ਪਟਿਆਲਾ ਦੇ ਭੁਪਿੰਦਰਾ ਇੰਟਰਨੈਸ਼ਨਲ ਸਕੂਲ ਦੇ 6 ਬੱਚਿਆਂ ਸਣੇ 7 ਜਣਿਆਂ ਦੀ ਮੌਕੇ ‘ਤੇ ਹੀ ਮੌਤ ਹੋ ਗਈ। ਹਾਦਸੇ ਵਿਚ ਉਨ੍ਹਾਂ ਨੂੰ ਲਿਜਾ ਰਹੀ ਇਨੋਵਾ ਕਾਰ ਦਾ ਡਰਾਈਵਰ ਵੀ ਮਾਰਿਆ ਗਿਆ ਹੈ। ਹਾਦਸੇ ਵਿਚ ਇਕ ਬੱਚਾ ਜ਼ਖ਼ਮੀ ਹੋ ਗਿਆ, ਪਰ ਉਸ ਦੀ ਹਾਲਤ ਵੀ ਗੰਭੀਰ ਬਣੀ ਹੋਈ ਹੈ। ਜਾਣਕਾਰੀ ਮੁਤਾਬਕ ਇਹ 7 ਬੱਚੇ ਇੱਕ ਇਨੋਵਾ ਕਾਰ ਵਿੱਚ ਸਵਾਰ ਸਨ ਜੋ ਸਕੂਲ ਤੋਂ ਛੁੱਟੀ ਹੋਣ ਤੋਂ ਬਾਅਦ ਸਮਾਣਾ ਏਰੀਏ ਵਿੱਚ ਸਥਿਤ ਆਪਣੇ ਘਰਾਂ ਨੂੰ ਪਰਤ ਰਹੇ ਸਨ।ਇਸ ਦੌਰਾਨ ਪਟਿਆਲਾ ਸਮਾਣਾ ਰੋਡ ’ਤੇ ਸਥਿਤ ਪਿੰਡ ਢੈਂਠਲ ਅਤੇ ਨਸੂਪੁਰ ਦੇ ਨਜ਼ਦੀਕ ਇੱਕ ਟਿੱਪਰ ਨੇ ਇਸ ਇਨੋਵਾ ਨੂੰ ਟੱਕਰ ਮਾਰ ਦਿੱਤੀ ਜ਼ੋਰਦਾਰ ਟੱਕਰ ਤੋਂ ਬਾਅਦ ਇਨੋਵਾ ਇੱਕ ਦਰਖਤ ਨਾਲ ਜਾ ਟਕਰਾਈ। ਹਾਦਸੇ ਪਿੱਛੋਂ ਕਾਰ ਨੂੰ ਜੇਸੀਬੀ ਨਾਲ ਸਿੱਧੀ ਕਰ ਕੇ ਵਿੱਚੋਂ ਬੱਚਿਆਂ ਨੂੰ ਕੱਢਿਆ ਜਾ ਸਕਿਆ। ਪਟਿਆਲਾ ਦੇ ਐਸਪੀ ਪਲਵਿੰਦਰ ਸਿੰਘ ਚੀਮਾ ਨੇ ਇਸ ਦੁਖਦਾਈ ਹਾਦਸੇ ਦੀ ਪੁਸ਼ਟੀ ਕੀਤੀ ਹੈ। ਇਸ ਦੌਰਾਨ ਸਿਹਤ ਮੰਤਰੀ ਡਾਕਟਰ ਬਲਵੀਰ ਸਿੰਘ,



ਸਮਾਣਾ ਦੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਅਤੇ ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਵੀ ਸਰਕਾਰੀ ਰਜਿੰਦਰਾ ਹਸਪਤਾਲ ਪਟਿਆਲਾ ਪਹੁੰਚੇ ਅਤੇ ਸਥਿਤੀ ਦਾ ਜਾਇਜ਼ਾ ਲਿਆ। ਉਨ੍ਹਾਂ ਹਾਦਸੇ ਵਿਚ ਹੋਈਆਂ ਮੌਤਾਂ ਉਤੇ ਡੂੰਘਾ ਦੁਖ ਜ਼ਾਹਰ ਕੀਤਾ। ਇਸ ਦੌਰਾਨ ਹੋਰ ਅਧਿਕਾਰੀ ਤੇ ਆਗੂ ਵੀ ਹਸਪਤਾਲ ਪਹੁੰਚੇ।

## ਸਰਹੱਦੀ ਪਿੰਡਾਂ ਦੇ ਵਸਨੀਕਾਂ ਵਿੱਚ ਡਰ ਅਤੇ ਸਹਿਮ ਦਾ ਮਾਹੌਲ

**ਗੁਰਦਾਸਪੁਰ।** ਕੌਮਾਂਤਰੀ ਸਰਹੱਦ (IB) ਦੇ ਨੇੜੇ ਰਹਿਣ ਵਾਲੇ ਸੈਂਕੜੇ ਵਸਨੀਕਾਂ ਨੂੰ ਡਰ ਅਤੇ ਸਹਿਮ ਨੇ ਆਪਣੀ ਗ੍ਰਿਫ਼ਤ ਵਿੱਚ ਲੈ ਲਿਆ ਹੈ, ਜਦੋਂ ਕਿ ਅਧਿਕਾਰੀਆਂ ਨੂੰ ਪੇਂਡੂਆਂ ਦੀ ਸ਼ਹਿਰੀ ਖੇਤਰਾਂ ਵਿੱਚ ਸੰਭਾਵਿਤ ਹਿਜਰਤ ਦਾ ਡਰ ਹੈ, ਕਿਉਂਕਿ ਇਸ ਨਾਲ ਹਾਲਾਤ ਹੋਰ ਵੀ ਵਿਗੜ ਸਕਦੇ ਹਨ। ਪੁਰਾਣੇ ਸਮੇਂ ਦੇ ਲੋਕਾਂ ਦਾ ਕਹਿਣਾ ਹੈ ਕਿ ਸਿਆਸੀ ਅਤੇ ਫੌਜੀ ਦਬਾਅ ਕਾਰਨ ਚੱਲ ਰਿਹਾ ਟਕਰਾਅ, ਜ਼ਿਆਦਾਤਰ ਲੋਕਾਂ ‘ਤੇ ਮਨੋਵਿਗਿਆਨਕ ਜ਼ਖ਼ਮ ਛੱਡ ਦੇਵੇਗਾ। ਤਾਰ-ਵਾੜ ਦੇ ਨੇੜੇ ਸਥਿਤ ਕੁਝ ਪਿੰਡਾਂ ਦੇ ਵਸਨੀਕਾਂ ਦਾ ਕਹਿਣਾ ਹੈ ਜੰਗ ਦੇ ਬਹੁਤ ਸਾਰੇ ਮਾੜੇ ਪ੍ਰਭਾਵ ਪੈ ਸਕਦੇ ਹਨ। ਉਨ੍ਹਾਂ ਮੁਤਾਬਕ ਮਿਜ਼ਾਈਲਾਂ, ਬੰਬਾਂ ਅਤੇ ਗੋਲੀਆਂ ਨੇ ਪਹਿਲਾਂ ਹੀ ਭਾਰੀ ਡਰ, ਬੇਵੱਸੀ ਅਤੇ ਦਹਿਸ਼ਤ ਪੈਦਾ ਕਰ ਦਿੱਤੀ ਹੈ। ਬੀਤੀ ਅੱਧੀ ਰਾਤ ਨੂੰ ਲੋਕਾਂ ਨੂੰ ਅਚਾਨਕ ਮਿਜ਼ਾਈਲਾਂ ਦੀਆਂ ਘਾਤਕ ਆਵਾਜ਼ਾਂ ਅਤੇ ਬੰਬਾਂ ਦੇ ਜ਼ੋਰਦਾਰ ਧਮਾਕੇ ਸੁਣਾਈ ਦਿੱਤੇ ਅਤੇ ਉਹ ਉੱਭੜਵਾਹੇ ਡਰ ਕੇ ਨੀਂਦ ਵਿਚੋਂ ਜਾਗ ਪਏ। ਕੌਮਾਂਤਰੀ ਸਰਹੱਦ ‘ਤੇ ਸਥਿਤ ਪਿੰਡ ਨਡਾਲਾ ਦੇ ਵਸਨੀਕ ਰਣਜੀਤ ਸਿੰਘ ਧਾਲੀਵਾਲ ਨੇ



ਕਿਹਾ, “ਰਾਤ ਦਾ ਅਸਮਾਨ ਲਾਲ ਹੋ ਗਿਆ। ਮੇਰੇ ਪਿਤਾ ਜੀ, ਜਿਨ੍ਹਾਂ ਨੇ 1971 ਦੀ ਜੰਗ ਨੂੰ ਨੇੜਿਓਂ ਦੇਖਿਆ ਸੀ, ਕਹਿੰਦੇ ਸਨ ਕਿ ਅਜਿਹਾ ਉਦੋਂ ਹੁੰਦਾ ਹੈ ਜਦੋਂ ਧਮਾਕਿਆਂ ਦਾ ਧੂੰਆਂ ਅਤੇ ਅੱਗ ਅਸਮਾਨ ਨੂੰ ਰੌਸ਼ਨ ਕਰ ਦਿੰਦਾ ਹੈ। ਇਹ ਸਾਡੇ ਲਈ ਜੰਗ ਸਮੇਂ ਦੀਆਂ ਘਟਨਾਵਾਂ ਦੀ ਤਬਾਹੀ ਅਤੇ ਭਿਆਨਕਤਾ ਦੀ ਕਲਪਨਾ ਕਰਨ ਲਈ ਕਾਫ਼ੀ ਸੀ।” ਕੱਲ੍ਹ ਰਾਤ ਦੀ ਘਟਨਾ ਇੱਕ ਵੱਡੀ ਜੰਗ ਵਿੱਚ ਬਦਲ ਸਕਦੀ ਹੈ ਜਾਂ ਨਹੀਂ, ਇਹ ਹਾਲੇ ਆਖਿਆ ਨਹੀਂ ਜਾ ਸਕਦਾ, ਪਰ ਇਹ ਸਰਹੱਦੀ ਲੋਕਾਂ ਲਈ ਉਨੀਂਦਰੇ ਅਤੇ ਸਰੀਰ ਵਿੱਚ ਦਰਦ ਵਰਗੀਆਂ ਮਨੋਵਿਗਿਆਨਕ ਸਮੱਸਿਆਵਾਂ ਦਾ ਅਨੁਭਵ ਕਰਨ ਲਈ ਕਾਫ਼ੀ ਹਨ। ਉਨ੍ਹਾਂ ਕਿਹਾ, “ਇਸਦਾ ਪ੍ਰਭਾਵ, ਜਿਵੇਂ ਕਿ 1971 ਅਤੇ 1965 ਦੀਆਂ ਜੰਗਾਂ ਵਿੱਚ ਪਿਆ ਸੀ, ਮੰਦਵਾੜੇ ਵੱਲ ਲੈ ਜਾਵੇਗਾ ਅਤੇ ਇਸ ਦੇ ਨਾਲ ਹੀ ਵਿਆਪਕ ਹਥਿਆਰਬੰਦ ਟਕਰਾਅ ਦਾ ਖ਼ਦਸ਼ਾ ਵੀ ਬਣਿਆ ਰਹੇਗਾ।”

ਬੱਸ ਬਹੁਤ ਹੋ ਗਿਆ, ਹੋਰ ਜੰਗ ਨਹੀਂ ਚਾਹੀਦੀ: ਸਾਬਕਾ ਫ਼ੌਜੀ ਕੈਪਟਨ ਦਿਆਲ ਸਿੰਘ ਉਸੇ ਪਿੰਡ ਦੇ ਇੱਕ ਸਾਬਕਾ ਫੌਜੀ ਕੈਪਟਨ ਦਿਆਲ ਸਿੰਘ ਨੇ ਕਿਹਾ, “ਜਦੋਂ ਜੰਗ ਸ਼ੁਰੂ ਹੁੰਦੀ ਹੈ, ਤਾਂ ਸਾਨੂੰ ਬਹੁਤ ਨੁਕਸਾਨ ਹੁੰਦਾ ਹੈ। ਹੁਣ ਬੱਸ ਹੋਣੀ ਚਾਹੀਦੀ ਹੈ, ਪਹਿਲਾਂ ਹੀ ਬਹੁਤ ਹੋ ਗਿਆ ਹੈ। ਅਸੀਂ ਇੰਨਾ ਖੂਨ-ਖਰਾਬਾ ਦੇਖਿਆ ਹੈ ਕਿ ਅਸੀਂ ਅਜਿਹਾ ਹੋਰ ਨਹੀਂ ਚਾਹੁੰਦੇ। ਸਰਕਾਰ ਹਮੇਸ਼ਾ ਕਹਿੰਦੀ ਹੈ ਕਿ ਉਹ ਸਰਹੱਦੀ ਪਿੰਡਾਂ ਨੂੰ ਹਰ ਤਰ੍ਹਾਂ ਦੀ ਮਦਦ ਦਿੰਦੀ ਹੈ, ਪਰ ਇਹ ਸਭ ਮਹਿਜ਼ ਇੱਕ ਮਜ਼ਾਕ ਹੈ।”

**ਤਿੱਬੜੀ ਛਾਉਣੀ ਦੇ ਨੇੜੇ ਪਿੰਡ ਪੰਧੇਰ ਦੇ ਖੇਤਾਂ ’ਚੋਂ ਮਿਲੇ ਬੰਬ ਬਾਰੇ ਭੇਤ ਬਰਕਰਾਰ**

ਇਸ ਦੌਰਾਨ, ਤਿੱਬੜੀ ਛਾਉਣੀ ਦੇ ਨੇੜੇ ਸਥਿਤ ਪੰਧੇਰ ਪਿੰਡ ਦੇ ਖੇਤਾਂ ਵਿੱਚ ਮਿਲੇ ਬੰਬ ਬਾਰੇ ਭੇਤ ਅਜੇ ਵੀ ਬਣਿਆ ਹੋਇਆ ਹੈ। ਘਟਨਾ ਨੂੰ 18 ਘੰਟੇ ਬੀਤ ਜਾਣ ਦੇ ਬਾਵਜੂਦ, ਅਧਿਕਾਰੀਆਂ ਵੱਲੋਂ ਕੋਈ ਅਧਿਕਾਰਤ ਬਿਆਨ ਨਹੀਂ ਆਇਆ ਹੈ। ਗੁਰਦਾਸਪੁਰ ਦੇ ਐਸਐਸਪੀ ਅਦਿੱਤਿਆ ਅਤੇ ਸੀਨੀਅਰ ਅਧਿਕਾਰੀਆਂ ਦੀ ਇੱਕ ਟੀਮ ਨੇ ਸਵੇਰੇ ਘਟਨਾ ਸਥਾਨ ਦਾ ਦੌਰਾ ਕੀਤਾ।

## ਅਗਲੇ ਹੁਕਮਾਂ ਤੱਕ ਕਰਤਾਰਪੁਰ ਲਾਂਘਾ ਬੰਦ, 150 ਸ਼ਰਧਾਲੂਆਂ ਨੂੰ ਭੇਜਿਆ ਵਾਪਿਸ



**ਨਵੀਂ ਦਿੱਲੀ।** ਕੇਂਦਰੀ ਗ੍ਰਹਿ ਮੰਤਰਾਲੇ ਦੀ ਇੰਮੀਗ੍ਰੇਸ਼ਨ ਬਿਊਰੋ ਨੇ ਅਗਲੇ ਹੁਕਮਾਂ ਤੱਕ ਕਰਤਾਰਪੁਰ ਲਾਂਘਾ ਬੰਦ ਕਰ ਦਿੱਤਾ ਹੈ। ਇੰਟੈਗਰੇਟਿਡ ਚੈੱਕ ਪੋਸਟ ’ਤੇ ਇਕੱਤਰ ਹੋਏ 150 ਸ਼ਰਧਾਲੂਆਂ ਨੂੰ ਅੱਜ ਸਵੇਰੇ ਡੇਢ ਘੰਟੇ ਦੀ ਉਡੀਕ ਮਗਰੋਂ ਵਾਪਸ ਉਨ੍ਹਾਂ ਦੇ ਘਰਾਂ ਨੂੰ ਭੇਜ ਦਿੱਤਾ ਗਿਆ। ਹਾਲਾਂਕਿ ਸਵੇਰ ਤੋਂ ਹੀ ਇਹ ਖਦਸ਼ਾ ਸੀ ਕਿ ਸ਼ਰਧਾਲੂਆਂ ਨੂੰ ਪਾਕਿਸਤਾਨ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਇੱਕ ਸ਼ਰਧਾਲੂ ਤਰਸੇਮ ਸਿੰਘ ਨੇ ਕਿਹਾ ਕਿ ਸਾਨੂੰ ਡੇਢ ਘੰਟੇ ਤੱਕ ਉਡੀਕ ਕਰਨ ਲਈ ਮਜ਼ਬੂਰ ਕੀਤਾ ਗਿਆ। ਇਸ ਮਗਰੋਂ ਅਧਿਕਾਰੀ ਨੇ ਦੱਸਿਆ ਕਿ ਸਾਨੂੰ ਪਾਕਿਸਤਾਨ ਸਥਿਤ ਗੁਰਦੁਆਰੇ ਵਿਚ ਜਾਣ ਦੀ ਇਜਾਜ਼ਤ ਨਹੀਂ ਹੈ। ਇੰਮੀਗ੍ਰੇਸ਼ਨ ਅਧਿਕਾਰੀਆਂ ਨੇ ਇਹ ਵੀ ਕਿਹਾ ਕਿ ਅਗਲੇ ਹੁਕਮਾਂ ਤੱਕ ਲਾਂਘਾ ਬੰਦ ਕਰ ਦਿੱਤਾ ਗਿਆ ਹੈ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।
Editor-in-chief : Devinder Chander
Mob: 07878 456 484
ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਨਸ਼ੇ ਦੀ ਵੱਧ ਡੋਜ਼ ਕਾਰਨ ਇੱਕ ਨੌਜਵਾਨ ਦੀ ਮੌਤ, ਦੂਜਾ ਜ਼ੇਰੇ-ਇਲਾਜ



**ਮਸਤੂਆਣਾ ਸਾਹਿਬ।** ਇੱਕ ਪਾਸੇ ਸਰਕਾਰ ਵੱਡੇ ਵੱਡੇ ਦਾਅਵੇ ਕਰ ਰਹੀ ਹੈ ਕਿ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਵੱਡੀ ਪੱਧਰ 'ਤੇ ਨਸ਼ਾ ਖਤਮ ਕੀਤਾ ਜਾ ਰਿਹਾ ਹੈ ਅਤੇ ਨਸ਼ੇ ਦੇ ਸੌਦਾਗਰਾਂ ਨੂੰ ਫੜ ਕੇ ਜੇਲ੍ਹਾਂ ਅੰਦਰ ਕੀਤਾ ਜਾ ਰਿਹਾ ਹੈ। ਦੂਸਰੇ ਪਾਸੇ ਪਿੰਡਾਂ ਦੇ ਨੌਜਵਾਨ ਲਗਾਤਾਰ ਨਸ਼ਿਆਂ ਦੀ ਵੱਧ ਡੋਜ਼ ਨਾਲ ਮਰ ਰਹੇ ਹਨ। ਅੱਜ ਨੇੜਲੇ ਪਿੰਡ ਦੁੱਗਾਂ ਵਿਖੇ ਨਸ਼ੇ ਦੀ ਵੱਧ ਡੋਜ਼ ਲੈਣ ਕਾਰਨ ਇੱਕ ਨੌਜਵਾਨ ਦੀ ਮੌਤ ਹੋ ਗਈ, ਜਦੋਂ ਕਿ ਦੂਜੇ ਨੌਜਵਾਨ ਨੂੰ ਬੇਹੋਸ਼ੀ ਦੀ ਹਾਲਤ ਵਿੱਚ ਸੰਗਰੂਰ ਦੇ ਸਿਵਲ ਹਸਪਤਾਲ ਵਿਖੇ ਇਲਾਜ ਲਈ ਦਾਖਲ ਕਰਵਾਇਆ ਗਿਆ ਹੈ। ਜਾਣਕਾਰੀ ਅਨੁਸਾਰ ਦੁੱਗਾਂ ਦੇ ਸਾਬਕਾ ਸਰਪੰਚ ਦਲਵੀਰ ਸਿੰਘ ਸਿੱਧੂ, ਨੌਜਵਾਨ ਆਗੂ ਰਾਜਵੀਰ ਸਿੰਘ ਰਾਜੂ ਅਤੇ ਪਰਿਵਾਰਿਕ ਮੈਂਬਰਾਂ ਨੇ ਦੱਸਿਆ ਕਿ ਮਜ਼ਬੀ ਸਿੱਖ ਭਾਈਚਾਰੇ ਦੇ 18 ਤੋਂ 20 ਸਾਲ ਦੇ ਦੋ ਨੌਜਵਾਨ ਮੱਖਣ ਸਿੰਘ ਅਤੇ ਅੰਮ੍ਰਿਤਪਾਲ ਸਿੰਘ ਦੁੱਗਾਂ ਨਸ਼ੇ ਦੀ ਵੱਧ ਡੋਜ਼ ਲੈਣ ਕਾਰਨ ਬੇਹੋਸ਼ੀ ਦੀ ਹਾਲਤ ਵਿੱਚ ਪਿੰਡ ਦੀ ਮੰਡੀ ਦੇ ਨਜ਼ਦੀਕ ਪਏ ਸਨ। ਪਤਾ ਲੱਗਦਿਆਂ ਹੀ ਉਨ੍ਹਾਂ ਨੇ ਦੋਨੋਂ ਨੌਜਵਾਨਾਂ ਨੂੰ ਪੁਲੀਸ ਚੌਕੀ ਬਡਰੁੱਖਾਂ ਨੂੰ ਇਤਲਾਹ ਦੇ ਕੇ ਸਿਵਲ ਹਸਪਤਾਲ ਸੰਗਰੂਰ ਵਿਖੇ ਇਲਾਜ ਲਈ ਦਾਖ਼ਲ ਕਰਵਾਇਆ ਗਿਆ। ਉਥੇ ਮੱਖਣ ਸਿੰਘ ਦੀ ਅੱਜ ਮੌਤ ਹੋ ਗਈ ਹੈ ਜਦੋਂ ਕਿ ਅੰਮ੍ਰਿਤਪਾਲ ਸਿੰਘ ਸਿਵਲ ਹਸਪਤਾਲ ਸੰਗਰੂਰ ਵਿਖੇ ਜ਼ੇਰੇ-ਇਲਾਜ ਹੈ। ਇਸ ਮੌਕੇ ਸਾਬਕਾ ਸਰਪੰਚ ਦਲਵੀਰ ਸਿੰਘ ਸਿੱਧੂ, ਰਾਜਵੀਰ ਸਿੰਘ ਰਾਜੂ ਅਤੇ ਹੋਰ ਪਰਿਵਾਰਕ ਮੈਂਬਰਾਂ ਨੇ ਦੋਸ਼ ਲਾਇਆ ਕਿ ਉਹ ਪਿੰਡ ਦੁੱਗਾਂ ਵਿਖੇ ਨਸ਼ਾ ਵਿਕਣ ਸਬੰਧੀ ਕਈ ਵਾਰ ਪੁਲੀਸ ਦੇ ਵੱਖ-ਵੱਖ ਅਧਿਕਾਰੀਆਂ ਨੂੰ ਸ਼ਿਕਾਇਤਾਂ ਕਰ ਚੁੱਕੇ ਹਨ ਅਤੇ ਵੇਚਣ ਵਾਲੇ ਵਿਅਕਤੀਆਂ ਬਾਰੇ ਵੀ ਦੱਸ ਚੁੱਕੇ ਹਨ ਪਰ ਅਜੇ ਤੱਕ ਕੋਈ ਕਾਰਵਾਈ ਪੁਲੀਸ ਵੱਲੋਂ ਨਹੀਂ ਕੀਤੀ ਗਈ। ਉਹਨਾਂ ਕਿਹਾ ਕਿ ਜੇ ਪੁਲੀਸ ਪ੍ਰਸ਼ਾਸਨ ਇਸ ਸਬੰਧੀ ਕੋਈ ਕਾਰਵਾਈ ਕਰਦਾ ਤਾਂ ਇਸ ਨੌਜਵਾਨ ਦੀ ਜਾਨ ਬਚਾਈ ਜਾ ਸਕਦੀ ਸੀ। ਪਿੰਡ ਵਾਸੀਆਂ ਨੇ ਪੁਲੀਸ ਦੇ ਉੱਚ ਅਧਿਕਾਰੀਆਂ ਅਤੇ ਸੂਬਾ ਸਰਕਾਰ ਨੂੰ ਕਿਹਾ ਕਿ ਉਨ੍ਹਾਂ ਨੂੰ ਪਿੰਡ ਦੇ ਵਿਕਾਸ ਕਾਰਜਾਂ ਵਾਸਤੇ ਬੇਸ਼ੱਕ ਘੱਟ ਗਰਾਂਟਾਂ ਦੇ ਦੇਵੋ ਪਰ ਪਿੰਡ ਵਿੱਚੋਂ ਨਸ਼ਾ ਖਤਮ ਕਰਕੇ ਨੌਜਵਾਨਾਂ ਨੂੰ ਬਚਾਇਆ ਜਾਵੇ ਅਤੇ ਨਸ਼ੇ ਵੇਚਣ ਵਾਲਿਆਂ ਖ਼ਿਲਾਫ਼ ਸਖਤ ਕਾਰਵਾਈ ਕੀਤੀ ਜਾਵੇ।

## ਅਪ੍ਰੇਸ਼ਨ ਸੰਕਲਪ: ਛੱਤੀਸਗੜ੍ਹ 'ਚ ਮੁਕਾਬਲੇ ਵਿੱਚ 22 ਨਕਸਲੀ ਹਲਾਕ



**ਬੀਜਾਪੁਰ।** ਇੱਕ ਸੀਨੀਅਰ ਪੁਲੀਸ ਅਧਿਕਾਰੀ ਨੇ ਦੱਸਿਆ ਕਿ ਤਿਲੰਗਾਨਾ ਦੀ ਸਰਹੱਦ ਨਾਲ ਲੱਗਦੇ ਛੱਤੀਸਗੜ੍ਹ ਦੇ ਬੀਜਾਪੁਰ ਜ਼ਿਲ੍ਹੇ ਦੇ ਜੰਗਲਾਂ ਵਿੱਚ ਬੁੱਧਵਾਰ ਨੂੰ 'ਅਪਰੇਸ਼ਨ ਸੰਕਲਪ' ਦੌਰਾਨ ਸੁਰੱਖਿਆ ਬਲਾਂ ਨਾਲ ਮੁਕਾਬਲੇ ਵਿੱਚ 22 ਨਕਸਲੀ ਮਾਰੇ ਗਏ। 'ਅਪਰੇਸ਼ਨ ਸੰਕਲਪ' ਇੱਕ ਵਿਸ਼ਾਲ ਅੱਤਵਾਦ ਵਿਰੋਧੀ ਪਹਿਲਕਦਮੀ ਹੈ, ਜਿਸ ਤਹਿਤ ਮਾਓਵਾਦੀਆਂ ਖ਼ਿਲਾਫ਼ ਜ਼ੋਰਦਾਰ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਮੁਕਾਬਲਾ ਸਵੇਰੇ ਅੰਤਰਰਾਜੀ ਸਰਹੱਦ ਦੇ ਨਾਲ ਲੱਗਦੀਆਂ ਕਰੇਗੁਟਾ ਪਹਾੜੀਆਂ ਦੇ ਜੰਗਲ ਵਿੱਚ ਹੋਇਆ। ਉਨ੍ਹਾਂ ਕਿਹਾ, "ਹੁਣ ਤੱਕ 22 ਨਕਸਲੀਆਂ ਦੀਆਂ ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ ਅਤੇ ਖੇਤਰ ਵਿੱਚ ਤਲਾਸ਼ੀ ਮੁਹਿੰਮ ਜਾਰੀ ਹੈ।" ਉਨ੍ਹਾਂ ਕਿਹਾ ਕਿ ਮਾਰੇ ਗਏ ਨਕਸਲੀਆਂ ਦੀ ਪਛਾਣ ਅਜੇ ਸਥਾਪਤ ਨਹੀਂ ਹੋ ਸਕੀ ਹੈ। ਤਾਜ਼ਾ ਮੁਕਾਬਲੇ ਦੇ ਨਾਲ 21 ਅਪਰੈਲ ਤੋਂ ਜਾਰੀ ਅਪ੍ਰੇਸ਼ਨ ਸੰਕਲਪ ਦੌਰਾਨ ਮਾਰੇ ਗਏ ਨਕਸਲੀਆਂ ਦੀ ਗਿਣਤੀ ਵਧ ਕੇ 26 ਹੋ ਗਈ ਹੈ।

## ਪੰਜਾਬ ਪੁਲੀਸ ਡੈਮਾਂ ਦੇ ਅਪਰੇਸ਼ਨ 'ਚ ਕੋਈ ਦਖ਼ਲ ਨਾ ਦੇਵੇ : ਹਾਈ ਕੋਰਟ




**ਚੰਡੀਗੜ੍ਹ।** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਲੋਂ ਦਾਇਰ ਪਟੀਸ਼ਨ ਦਾ ਨਿਬੇੜਾ ਕਰਦਿਆਂ ਪੰਜਾਬ ਸਰਕਾਰ ਨੂੰ ਹੁਕਮ ਦਿੱਤੇ ਹਨ ਕਿ ਪੰਜਾਬ ਪੁਲੀਸ ਭਾਖੜਾ ਨੰਗਲ ਡੈਮ ਅਤੇ ਲੋਹੰਦ ਖੱਡ ਦੇ ਅਪਰੇਸ਼ਨ ਅਤੇ ਰੈਗੂਲੇਸ਼ਨ ਵਿੱਚ ਕੋਈ ਦਖਲਅੰਦਾਜ਼ੀ ਨਾ ਕਰੇ। ਪੰਜਾਬ ਪੁਲੀਸ ਨੂੰ ਡੈਮਾਂ ਦੀ ਸੁਰੱਖਿਆ ਕਰਨ ਦੀ ਖੁੱਲ੍ਹ ਦਿੱਤੀ ਗਈ ਹੈ। ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਇਹ ਵੀ ਹੁਕਮ ਦਿੱਤੇ ਹਨ ਕਿ ਉਹ (ਪੰਜਾਬ ਸਰਕਾਰ) ਦੋ ਮਈ ਨੂੰ ਕੇਂਦਰੀ ਗ੍ਰਹਿ ਸਕੱਤਰ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੇ ਫ਼ੈਸਲੇ ਦੀ ਪਾਲਣਾ ਕਰੇ। ਅਦਾਲਤ ਨੇ ਇਹ ਵੀ ਕਿਹਾ ਹੈ ਕਿ ਅਗਰ ਪੰਜਾਬ ਸਰਕਾਰ ਨੂੰ ਕੇਂਦਰ ਦੇ ਕਿਸੇ ਫੈਸਲੇ ਪ੍ਰਤੀ ਇਤਰਾਜ਼ ਹੈ ਤਾਂ ਉਹ ਬੀਬੀਐਮਬੀ ਦੇ ਚੇਅਰਮੈਨ ਰਾਹੀਂ ਕੇਂਦਰ ਸਰਕਾਰ ਤੱਕ ਇਤਰਾਜ਼ ਪੁੱਜਦਾ ਕਰ ਸਕਦੀ ਹੈ। ਅਦਾਲਤ ਨੇ ਕੇਂਦਰ ਨੂੰ ਵੀ ਆਦੇਸ਼ ਦਿੱਤੇ ਹਨ ਕਿ ਅਜਿਹਾ ਇਤਰਾਜ਼ ਆਉਣ ਦੀ ਸੂਰਤ ਵਿੱਚ ਇਸਦਾ ਨਿਤਾਰਾ ਤੁਰੰਤ ਕੀਤਾ ਜਾਵੇ। ਦੱਸਣਯੋਗ ਹੈ ਕਿ ਬੀਬੀਐਮਬੀ ਨੇ ਦੋ ਦਿਨ ਪਹਿਲਾਂ ਡੈਮਾਂ ਨੂੰ ਪੰਜਾਬ ਪੁਲੀਸ ਦੇ ਕੰਟਰੋਲ ਤੋਂ ਮੁਕਤ ਕਰਵਾਉਣ ਲਈ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਸੀ।

SHAM LAL CHANDER ID no. 921760
BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

# ਸ਼ਹੀਦੀ ਸ਼ਤਾਬਦੀ ਕਾਨਫਰੰਸ ਦੇ ਇੰਤਜ਼ਾਮ/ਪ੍ਰਬੰਧਾਂ ਸੰਬੰਧੀ ਸੰਤ ਬਾਬਾ ਅਮੀਰ ਸਿੰਘ ਜੀ ਨੇ ਪ੍ਰਬੰਧਕਾਂ ਨਾਲ ਕੀਤਾ ਵਿਚਾਰ-ਵਟਾਂਦਰਾ

## "ਜਵੱਦੀ ਟਕਸਾਲ" ਵੱਲੋਂ 350 ਸਾਲਾਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਰਾਸ਼ਟਰੀ-ਅੰਤਰਰਾਸ਼ਟਰੀ ਪੱਧਰ ਦੀ ਤਿੰਨ ਦਿਨਾਂ ਕਾਨਫਰੰਸ 10,11 ਅਤੇ 12 ਨੂੰ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** "ਵਿਸਮਾਦੁ ਨਾਦੁ" ਸੰਸਥਾ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ "ਜਵੱਦੀ ਟਕਸਾਲ" ਵੱਲੋਂ ਸ੍ਰਿਸ਼ਟੀ ਦੀ ਚਾਦਰ ਸ਼੍ਰੀ ਗੁਰੂ ਤੇਗ ਬਹਾਦਰ ਮਹਾਰਾਜ ਜੀ ਦੀ 350 ਸਾਲਾਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ 10, 11 ਅਤੇ 12 ਮਈ ਨੂੰ ਤਿੰਨ ਰੋਜ਼ਾ ਕਾਨਫਰੰਸ ਕਰਵਾਈ ਜਾ ਰਹੀ ਹੈ। ਜਿਸ ਦੇ ਇੰਤਜ਼ਾਮ/ਪ੍ਰਬੰਧਾਂ ਸੰਬੰਧੀ ਸੰਤ ਬਾਬਾ ਅਮੀਰ ਸਿੰਘ ਜੀ ਨੇ ਡਾ: ਹਰਜੋਧ ਸਿੰਘ, ਸ੍ਰ: ਰਣਜੋਧ ਸਿੰਘ ਜੀ.ਐੱਸ. ਵਾਲੇ, ਡਾ: ਅਨੁਰਾਗ ਸਿੰਘ, ਡਾ: ਜੋਗਿੰਦਰ ਸਿੰਘ, ਡਾ: ਮੇਜਰ ਸਿੰਘ ਆਦਿ ਪ੍ਰਬੰਧਕਾਂ ਨਾਲ ਵਿਚਾਰ-ਵਟਾਂਦਰਾ ਕੀਤਾ। ਵਿਚਾਰ-ਵਟਾਂਦਰੇ ਉਪਰੰਤ ਮੀਡੀਆ ਦੇ ਰੂ-ਬ-ਰੂ ਗੱਲਬਾਤ ਕਰਦਿਆਂ ਬਾਬਾ ਜੀ ਨੇ ਦੱਸਿਆ ਕਿ ਗੁਰੂ ਸਾਹਿਬਾਨ ਸੰਸਾਰ ਵਿੱਚੋਂ ਈਰਖਾ-ਦਵੈਸ਼, ਜ਼ਬਰ-ਜ਼ੁਲਮ ਆਦਿ ਬਦੀਆਂ ਦਾ ਖਾਤਮਾ ਕਰਕੇ ਪਰਉਪਕਾਰੀ, ਨੇਕੀ, ਦਇਆ ਆਦਿ ਵਰਗੇ ਗੁਣਾਂ ਨਾਲ ਧਰਮ ਦਾ ਓਟ ਆਸਰਾ ਬਣਾ ਕੇ ਮਾਨਸਿਕ ਤੌਰ ਤੇ ਗੁਲਾਮ ਹੋ ਚੁੱਕੇ ਲੋਕਾਂ ਦਾ ਸਮਾਜਿਕ ਪੱਧਰ ਉਤਾਂਹ ਕੀਤਾ। ਉਨ੍ਹਾਂ ਨੇ ਧਾਰਮਿਕ ਪੱਧਰ 'ਚ ਆ ਚੁੱਕੀ ਗਿਰਾਵਟ ਨੂੰ ਦੂਰ ਕੀਤਾ। ਸਮੁੱਚੀ ਲੋਕਾਈ ਨੂੰ ਧਾਰਮਿਕ ਰਹਿਬਰਾਂ ਨੂੰ "ਅਪਨਾ ਬਿਗਾਰਿ ਬਿਰਾਂਨਾ ਸਾਂਢੈ" ਵਾਲੀ ਜੀਵਨ ਜਾਂਚ ਅਨੁਸਾਰ ਜੀਵਨ ਢਾਲਣ ਦੀ ਪ੍ਰੇਰਨਾ ਦਿੱਤੀ।



ਉਨ੍ਹਾਂ ਦੱਸਿਆ ਕਿ ਪਰਮ ਸੰਤ ਬਾਬਾ ਸੁੱਚਾ ਸਿੰਘ ਜੀ ਵੱਲੋਂ ਅਰੰਭੇ ਕਾਰਜਾਂ ਤਹਿਤ ਜਵੱਦੀ ਟਕਸਾਲ ਵੱਲੋਂ ਗੁਰੂ ਸਾਹਿਬ ਜੀ ਦੇ ਜੀਵਨ, ਉਨ੍ਹਾਂ ਦੀਆਂ ਸਿੱਖਿਆਵਾਂ-ਫਲਸਫੇ ਨੂੰ ਰਾਸ਼ਟਰੀ-ਅੰਤਰਰਾਸ਼ਟਰੀ ਪੱਧਰ ਦੀ ਇਹ ਤਿੰਨ ਦਿਨਾਂ ਕਾਨਫਰੰਸ ਕਰਵਾਈ ਜਾ ਰਹੀ ਹੈ। ਜਿਸ ਵਿੱਚ ਕੋਲਕਾਤਾ ਤੋਂ ਉਚੇਚੇ ਤੌਰ ਤੇ ਪੋ: ਹਿਮਾਂਦਰੀ ਬੈਨਰਜੀ ਸਾਬਕਾ ਮੁਖੀ ਗੁਰੂ ਨਾਨਕ ਚੇਅਰ ਜਾਦਵਪੁਰ, ਡਾ: ਐੱਸ. ਪੀ. ਸਿੰਘ ਉਬਰਾਏ, ਪ੍ਰੋ: ਕਰਮਜੀਤ ਸਿੰਘ ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀ:, ਪ੍ਰੋ: ਦਵਿੰਦਰ ਸਿੰਘ ਸਿੱਧੂ, ਡਾ: ਕੁਲਦੀਪ ਚੰਦ ਅਗਨੀਹੋਤਰੀ, ਡਾ: ਸੁਰਿੰਦਰਪਾਲ ਸਿੰਘ ਸੁੰਨੜ ਯੂ.ਐੱਸ. ਏ., ਪ੍ਰੋ: ਬਲਜਿੰਦਰ ਕੌਰ ਖਹਿਰਾ, ਡਾ: ਗੁਜਣਜੋਤ ਕੌਰ ਪਟਿਆਲਾ, ਡਾ: ਭਲਿੰਦਰ ਸਿੰਘ, ਪ੍ਰਿੰਸੀਪਲ ਬਲਜੀਤ ਸਿੰਘ, ਡਾ: ਸਹਿਜਪਾਲ ਸਿੰਘ, ਡਾ: ਮਨਦੀਪ ਸਿੰਘ, ਡਾ: ਸਤੀਸ਼ ਕੁਮਾਰ ਸ਼ਰਮਾ, ਭਾਈ ਮਤੀਦਾਸ ਜੀ ਦੇ ਪ੍ਰਵਾਰ ਵਿੱਚੋਂ ਸ੍ਰ: ਚਰਨਜੀਤ ਸਿੰਘ ਆਦਿ ਹੋਰ ਵੀ ਨਾਮਵਰ ਵਿਦਵਾਨ ਗੁਰੂ ਸਾਹਿਬ ਜੀ ਦੇ ਜੀਵਨ ਦਰਸ਼ਨ, ਸ਼ਹੀਦੀ, ਬਿਰਤਾਂਤ ਅਤੇ ਜੋ ਉਨ੍ਹਾਂ ਵੱਲੋਂ ਸਮੇਂ-ਸਮੇਂ ਕੀਤੀਆਂ ਬਖਸ਼ਿਸ਼ਾਂ ਆਦਿ ਨੂੰ ਅਕਾਦਮਿਕ ਤੌਰ ਤੇ ਮੁਲਾਂਕਣ ਕਰਨਗੇ। ਉਨ੍ਹਾਂ ਉਮੀਦ ਪ੍ਰਗਟਾਈ ਕਿ ਜਵੱਦੀ ਟਕਸਾਲ ਦਾ ਇਹ ਨਿਮਾਣਾ ਜਿਹਾ ਉਪਰਾਲਾ ਸੰਗਤਾਂ ਲਈ ਲਾਭਕਾਰੀ ਸਾਬਤ ਹੋਵੇਗਾ ਅਤੇ ਸਾਡੀ ਹਰ ਸੰਭਵ ਕੋਸ਼ਿਸ਼ ਰਹੇਗੀ ਕਿ ਗੁਰੂ ਸਾਹਿਬਾਨ ਵੱਲੋਂ ਸਿਰਜੇ ਲਾਸਾਨੀ ਇਤਿਹਾਸ ਨੂੰ ਵਿਸ਼ਵ ਸਾਹਮਣੇ ਪ੍ਰਚਾਰੀਏ, ਕਿਉਕਿ ਅਜੋਕੇ ਸਮੇਂ 'ਚ ਲਾਸਾਨੀ ਸਿੱਖ ਇਤਿਹਾਸ ਦੇ ਪੰਨਿਆਂ ਨੂੰ ਕਿਸੇ ਸਾਜ਼ਿਸ਼ ਤਹਿਤ ਮਨਫੀ ਕੀਤਾ ਜਾ ਰਿਹਾ ਹੈ। ਇਸ ਲਈ ਆਓ ! ਆਪਸੀ ਭਰਾਤਰੀ ਭਾਵ ਅਤੇ ਪੰਥਕ ਏਕਤਾ, ਇਤਫ਼ਾਕ ਦੀ ਉਦਾਹਰਣ ਦੇਈਏ। ਮਨੁੱਖਤਾ ਸਾਹਮਣੇ ਆਪਣੇ ਸ਼ਾਨਾਮੱਤੇ ਇਤਿਹਾਸ ਅਤੇ ਗੁਰ-ਮਤਿ ਸਿਧਾਤਾਂ ਨੂੰ ਪ੍ਰਚਾਰਨ ਅਤੇ ਪ੍ਰਸਾਰਨ ਲਈ ਲਾਮਬੰਦ ਹੋਈਏ। ਉਨ੍ਹਾਂ ਜ਼ੋਰ ਦਿੰਦਿਆਂ ਕਿਹਾ ਕਿ ਸ਼ਹੀਦੀ ਸ਼ਤਾਬਦੀ ਮਨਾਉਣੀ ਤਾਂ ਹੀ ਸਫਲ ਹੋਵੇਗੀ ਜੇਕਰ ਅਸੀਂ ਉੱਚੇ-ਸੁੱਚੇ ਕਿਰਦਾਰ ਦੇ ਧਾਰਨੀ ਬਣ ਕੇ ਆਪਣੀ ਪੀੜ੍ਹੀ ਨੂੰ ਗੁਰਬਾਣੀ ਅਤੇ ਗੁਰਮਤਿ ਦੇ ਅਮੀਰ ਵਿਰਸੇ ਨਾਲ ਜੋੜ ਸਕਾਂਗੇ।

# ਪਿਛਲੇ ਲੰਬੇ ਸਮੇਂ ਤੋਂ ਕੇਂਦਰ ਦੀਆਂ ਸਰਕਾਰਾਂ ਮਾਰਦੀਆਂ ਰਹੀਆਂ ਪੰਜਾਬ ਦੇ ਹੱਕਾਂ ਤੇ ਡਾਕਾ ਜੱਥੇ:ਨਿਮਾਣਾ,ਮਖੂ ਦਰਿਆਈ ਪਾਣੀਆਂ ਦੇ ਹੜਾਂ ਦਾ ਨੁਕਸਾਨ ਝੱਲੇ ਪੰਜਾਬ, ਪਾਣੀ ਤੇ ਬਾਕੀ ਦੇ ਸੂਬਿਆਂ ਦਾ ਫੇਰ ਬਰਾਬਰ ਦਾ ਹੱਕ ਕਿਵੇਂ ਕੀਤਾ ਜਾਵੇ-ਜੱਥੇ: ਨਿਮਾਣਾ,ਮਖੂ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਅੱਜ ਅੰਨਦਾਤਾ ਕਿਸਾਨ ਮਜ਼ਦੂਰ ਯੂਨੀਅਨ ਦੇ ਕੌਮੀ ਪ੍ਰਧਾਨ ਜਥੇ: ਤਰਨਜੀਤ ਸਿੰਘ ਨਿਮਾਣਾ ਅਤੇ ਸੂਬਾ ਪ੍ਰਧਾਨ ਹਰਪ੍ਰੀਤ ਸਿੰਘ ਮਖੂ ਦੀ ਪ੍ਰਧਾਨਗੀ ਹੇਠ ਅੰਨਦਾਤਾ ਕਿਸਾਨ ਮਜ਼ਦੂਰ ਯੂਨੀਅਨ ਦੀ ਮੀਟਿੰਗ ਮੁੱਖ ਦਫਤਰ ਮਾਡਲ ਟਾਊਨ ਐ ਕ ਸ ਟੈ ਨ ਸ਼ ਨ , ਲੁਧਿਆਣਾ ਵਿਖੇ ਹੋਈ। ਇਸ ਸਮੇਂ ਮੀਟਿੰਗ ਵਿੱਚ ਕੋਰ ਕਮੇਟੀ ਮੈਂਬਰ ਮਨਜੀਤ ਸਿੰਘ ਬੁਟਾਹਰੀ, ਮੈਂਬਰ ਕੋਰ ਕਮੇਟੀ ਭੁਪਿੰਦਰ ਸਿੰਘ, ਮੈਂਬਰ ਕੋਰ ਕਮੇਟੀ ਸਰਪੰਚ ਮਨਜੀਤ ਸਿੰਘ ਤੂਰ, ਅਮਰਜੀਤ ਸਿੰਘ ਭੱਟੀ ਸੀ.ਮੀਤ ਪ੍ਰਧਾਨ, ਸਰਪੰਚ ਨਿਰਮਲ ਸਿੰਘ ਬੇਰਕਲਾਂ ਜਰਨਲ ਸਕੱਤਰ, ਪਰਮਜੀਤ ਸਿੰਘ ਨੱਤ ਜਰਨਲ ਸਕੱਤਰ, ਬਲਦੇਵ ਸਿੰਘ ਸੰਧੂ ਮੀਤ ਪ੍ਰਧਾਨ, ਸੁਖਜਿੰਦਰ ਸਿੰਘ ਸੁੱਖੀ ਅਜਨੌਦ ਮੀਤ ਪ੍ਰਧਾਨ, ਮਹਿਲਾ ਵਿੰਗ ਮੀਤ ਪ੍ਰਧਾਨ ਬੀਬੀ ਆਸ਼ਾ ਰਾਣੀ, ਪ੍ਰਭਦੀਪ ਸਿੰਘ ਸੇਖੋਂ ਜ਼ਿਲ੍ਹਾ ਪ੍ਰਧਾਨ ਦਿਹਾਤੀ ਲੁਧਿਆਣਾ, ਗੁਰਿੰਦਰ ਸਿੰਘ ਕੀਰਤੋਂਵਾਲ, ਹਰਦਿਆਲ ਸਿੰਘ ਭੁੱਲਰ ਜ਼ਿਲ੍ਹਾ ਪ੍ਰਧਾਨ ਤਰਨਤਾਰਨ, ਪੁਸ਼ਪਿੰਦਰ ਸਿੰਘ ਪ੍ਰਧਾਨ ਫਾਜ਼ਿਲਕਾ, ਸੁਖਵਿੰਦਰ ਸਿੰਘ ਸੁੱਖ ਥਿੰਦ, ਮਲਵਿੰਦਰ ਸਿੰਘ, ਚਰਨਜੀਤ ਸਿੰਘ, ਜੁਝਾਰ ਸਿੰਘ, ਤਜਿੰਦਰ ਸਿੰਘ ਬਿੱਟਾ ਸ਼ਾਮਿਲ ਹੋਏ । ਇਸ ਮੌਕੇ ਤੇ ਜਥੇਦਾਰ




ਤਸਵੀਰ ਵਿੱਚ ਜੱਥੇਦਾਰ ਤਰਨਜੀਤ ਸਿੰਘ ਨਿਮਾਣਾ,ਹਰਪ੍ਰੀਤ ਸਿੰਘ ਮਖੂ।

ਤਰਨਜੀਤ ਸਿੰਘ ਨਿਮਾਣਾ ਕੌਮੀ ਪ੍ਰਧਾਨ ਅੰਨਦਾਤਾ ਕਿਸਾਨ ਮਜ਼ਦੂਰ ਯੂਨੀਅਨ ਅਤੇ ਹਰਪ੍ਰੀਤ ਸਿੰਘ ਮਖੂ ਸੂਬਾ ਪ੍ਰਧਾਨ ਨੇ ਪਾਣੀਆਂ ਦੇ ਮਸਲੇ ਤੇ ਸੰਬੋਧਨ ਕਰਦਿਆਂ ਕਿਹਾ ਕਿ ਬੀ.ਬੀ.ਐਮ.ਬੀ ਵੱਲੋਂ ਹਰਿਆਣਾ ਨੂੰ ਫੋਰੀ ਵਾਧੂ ਪਾਣੀ ਛੱਡਣ ਦੇ ਫੈਸਲੇ ਨੂੰ ਪੰਜਾਬ ਨਾਲ ਧੱਕੇਸ਼ਾਹੀ ਕਰਾਰ ਦਿੰਦਿਆਂ ਕੇਂਦਰ ਦੀ ਭਾਜਪਾ ਸਰਕਾਰ ਤੇ ਕਿਸਾਨ ਅੰਦੋਲਨ ਕਾਰਨ ਪੰਜਾਬ ਨਾਲ ਕਿੜ ਕੱਢਣ ਦਾ ਦੋਸ਼ ਲਾਇਆ ਹੈ। ਜੱਥੇਦਾਰ ਨਿਮਾਣਾ ਅਤੇ ਸ੍ਰ.ਮਖੂ ਨੇ ਦਰਿਆਈ ਪਾਣੀਆਂ ਦੇ ਮਸਲੇ ਨੂੰ ਰਿਪੇਰੀਅਨ ਸਿਧਾਂਤ ਅਨੁਸਾਰ ਹੱਲ ਕਰਨ ਦੀ ਲੋੜ ਉੱਪਰ ਜ਼ੋਰ ਦਿੰਦਿਆਂ ਮੰਗ ਕੀਤੀ ਕਿ ਹਰਿਆਣਾ, ਰਾਜਸਥਾਨ ਅਤੇ ਦਿੱਲੀ ਦੀਆਂ ਪਾਣੀ ਦੀਆਂ ਲੋੜਾਂ ਨੂੰ ਪੂਰਾ ਕਰਨ ਦੀ ਸਥਾਈ ਹੱਲ ਕੱਢਣ ਲਈ ਕੇਂਦਰ ਸਰਕਾਰ ਨੂੰ ਸ਼ਾਰਧਾ ਯਮੁਨਾ ਲਿੰਕ ਨਹਿਰ ਦੀ ਉਸਾਰੀ ਕਰਨ ਲਈ ਸੰਬੰਧਿਤ ਸੂਬਿਆਂ ਨਾਲ ਗੱਲਬਾਤ ਕਰਨ ਦੀ ਪਹਿਲਕਦਮੀ ਕਰਨੀ ਚਾਹੀਦੀ ਹੈ । ਕਿਸਾਨ ਆਗੂਆਂ ਨੇ ਕਿਹਾ ਕੇਂਦਰ ਸਰਕਾਰ ਦੇ ਇਸ਼ਾਰੇ ਤੇ ਭਾਜਪਾ ਦੀਆਂ ਸਰਕਾਰਾਂ ਪੰਜਾਬ ਨਾਲ ਧੱਕੇਸ਼ਾਹੀ ਕਰ ਰਹੀਆਂ ਹਨ । ਉਨ੍ਹਾਂ ਕਿਹਾ ਕਿ ਤੱਥ ਸਪੱਸ਼ਟ ਕਰ ਰਹੇ ਹਨ ਕਿ ਹਰਿਆਣਾ ਆਪਣੇ ਹਿੱਸੇ ਦਾ ਪਾਣੀ ਵਰਤ ਚੁੱਕਾ ਹੈ। ਮਾਨਵਤਾ ਦੇ ਆਧਾਰ ਤੇ 4000 ਕਿਊਸਿਕ ਪਾਣੀ ਦਿੱਤਾ ਜਾ ਚੁੱਕਾ ਹੈ ਹੁਣ ਹੋਰ ਵਾਧੂ ਪਾਣੀ ਦੀ ਮੰਗ ਕਰਨਾ ਅਤੇ ਬੀ.ਬੀ.ਐਮ.ਬੀ ਵੱਲੋਂ ਵਾਧੂ ਪਾਣੀ ਛੱਡਣ ਦਾ ਫੈਸਲਾ ਪੰਜਾਬ ਦੀਆਂ ਪਾਣੀ ਲੋੜਾਂ ਨੂੰ ਅਣਡਿੱਠ ਕਰਨ ਦੇ ਬਰਾਬਰ ਹੈ। ਜੱਥੇਦਾਰ ਨਿਮਾਣਾ ਤੇ ਮਖੂ ਨੇ ਕਿਹਾ ਕੇਂਦਰ ਸਰਕਾਰ ਨੂੰ ਪੰਜਾਬ ਨਾਲ ਕਿੜ ਕੱਢਣ ਦੀ ਬਜਾਏ ਫ਼ਸਲੀ ਵਿਭਿੰਨਤਾ ਅਤੇ ਰਾਵੀ ਦਰਿਆ ਦੇ ਪਾਕਿਸਤਾਨ ਨੂੰ ਅਜਾਈਂ ਜਾ ਰਹੇ ਪਾਣੀ ਦੀ ਸੰਭਾਲ ਅਤੇ ਵਰਤੋਂ ਲਈ ਪੰਜਾਬ ਸਰਕਾਰ ਨੂੰ ਵਿੱਤੀ ਪੈਕੇਜ ਦੇਣਾ ਚਾਹੀਦਾ ਹੈ ਤਾਂ ਜੋ ਪੰਜਾਬ ਸਰਕਾਰ ਹਰ ਖੇਤ ਅਤੇ ਹਰ ਘਰ ਨੂੰ ਪੀਣ ਵਾਲਾ ਸਾਫ ਨਹਿਰੀ ਪਾਣੀ ਮੁਹੱਈਆ ਕਰਵਾ ਸਕੇ।

# ਕੰਨਿਆ ਸਕੂਲ ਰੋਪੜ ਦੀ ਵਿਦਿਆਰਥਣ ਗੁਰਸਿਮਰਨਜੋਤ ਕੌਰ ਨੇ ਪਾਸ ਕੀਤੀ ਜੇ.ਈ. ਮੇਨਜ਼ ਪ੍ਰੀਖਿਆ

**ਰੋਪੜ (ਰੋਮੀ ਘੜਾਮਾਂ):** ਸ.ਸ.ਸ.ਸ. ਸਕੂਲ (ਕੰਨਿਆ) ਰੋਪੜ ਦੀ ਬਾਹਰਵੀਂ ਜਮਾਤ (ਨਾਨ ਮੈਡੀਕਲ) ਦੇ ਪੇਪਰ ਦੇ ਚੁੱਕੀ ਵਿਦਿਆਰਥਣ ਗੁਰਸਿਮਰਨਜੋਤ ਕੌਰ ਪੁੱਤਰੀ ਲਖਵਿੰਦਰਪਾਲ ਸਿੰਘ ਨੇ ਨੈਸ਼ਨਲ ਟੈਸਟਿੰਗ ਏਜੰਸੀ ਵੱਲੋਂ ਲਈ ਗਈ ਜੇ.ਈ. ਮੇਨਜ਼ ਪ੍ਰੀਖਿਆ: 2025, 81.6% ਅੰਕਾਂ ਨਾਲ਼ ਪਾਸ ਕੀਤੀ। ਪ੍ਰਿੰਸੀਪਲ ਸੰਦੀਪ ਕੌਰ ਨੇ ਬੱਚੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹੋ ਜਿਹੇ ਹੋਣਹਾਰ ਬੱਚੇ ਆਪਣੇ ਅਧਿਆਪਕਾਂ, ਮਾਪਿਆਂ ਅਤੇ



ਇਲਾਕੇ ਦਾ ਨਾਂ ਰੋਸ਼ਨ ਕਰਦੇ ਹਨ। ਇਸ ਮੌਕੇ ਪ੍ਰਿੰਸੀਪਲ ਅਤੇ ਸਟਾਫ ਵੱਲੋਂ ਵਿਦਿਆਰਥਣ ਅਤੇ ਉਸਦੇ ਮਾਪਿਆਂ ਨੂੰ ਵਧਾਈਆਂ ਦਿੰਦੇ ਹੋਏ ਮੂੰਹ ਮਿੱਠਾ ਕਰਵਾ ਕੇ ਬਿਹਤਰ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ। ਜਿਕਰਯੋਗ ਹੈ ਕਿ ਕੰਨਿਆ ਸਕੂਲ ਦੀਆਂ ਅਕਾਦਮਿਕ ਸਿਖਿਆ ਤੋਂ ਇਲਾਵਾ ਹੋਰ ਵੀ ਬਹੁ-ਪੱਖੀ ਕਾਰਗੁਜ਼ਾਰੀਆਂ/ਗਤੀਵਿਧੀਆਂ ਅਕਸਰ ਹੀ ਇਲਾਕੇ ਵਿੱਚ ਸਾਰਥਕ ਚਰਚਾ ਦਾ ਵਿਸ਼ਾ ਬਣਦੀਆਂ ਰਹਿੰਦੀਆਂ ਹਨ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਹੁਸ਼ਿਆਰਪੁਰ ਦੇ ਕਿੱਕਬਾਕਸਿੰਗ ਖਿਡਾਰੀਆਂ ਦੀ ਵੱਡੀ ਪ੍ਰਾਪਤੀ

## ਰਾਜ ਪੱਧਰੀ ਮੁਕਾਬਲੇ 'ਚ ਪਹਿਲਾ ਸਥਾਨ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਕਿੱਕਬਾਕਸਿੰਗ ਐਸੋਸੀਏਸ਼ਨ ਵੱਲੋਂ 26 ਤੋਂ 28 ਅਪ੍ਰੈਲ 2025 ਤੱਕ ਬਠਿੰਡਾ ਵਿਖੇ ਕਰਵਾਏ ਗਏ ਰਾਜ ਪੱਧਰੀ ਕਿੱਕਬਾਕਸਿੰਗ ਮੁਕਾਬਲੇ ਵਿੱਚ ਹੁਸ਼ਿਆਰਪੁਰ ਦੇ ਖਿਡਾਰੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਜ਼ਿਲ੍ਹੇ ਦਾ ਨਾਮ ਰੌਸ਼ਨ ਕੀਤਾ। ਇਸ ਮੁਕਾਬਲੇ ਵਿੱਚ ਹੁਸ਼ਿਆਰਪੁਰ ਤੋਂ 36 ਖਿਡਾਰੀਆਂ ਨੇ ਭਾਗ ਲਿਆ। ਖਿਡਾਰੀਆਂ ਨੇ ਆਪਣੀ ਮਹਿਨਤ ਅਤੇ ਦ੍ਰਿੜ ਇਰਾਦੇ ਨਾਲ 18 ਗੋਲਡ, 6 ਸਿਲਵਰ ਅਤੇ 9 ਬ੍ਰੋਂਜ਼ ਮੈਡਲ ਜਿੱਤਣ ਵਿੱਚ ਕਾਮਯਾਬੀ ਹਾਸਲ ਕੀਤੀ। ਇਨ੍ਹਾਂ ਜ਼ਿਕਰਯੋਗ ਪ੍ਰਦਰਸ਼ਨਾਂ ਦੇ ਆਧਾਰ 'ਤੇ ਹੁਸ਼ਿਆਰਪੁਰ ਨੇ ਓਵਰਆਲ ਟ੍ਰਾਫੀ ਵਿਚ ਪਹਿਲਾ ਸਥਾਨ ਹਾਸਲ ਕਰਕੇ ਸੂਬੇ ਪੱਧਰ 'ਤੇ ਆਪਣੀ ਵਿਲੱਖਣ ਪਹਚਾਣ ਬਣਾਈ। ਮੁਕਾਬਲੇ ਤੋਂ ਵਾਪਸੀ 'ਤੇ ਜਦੋਂ ਖਿਡਾਰੀ ਜ਼ਿਲ੍ਹੇ ਵਿੱਚ ਪਰਤੇ ਤਾਂ ਜ਼ਿਲ੍ਹਾ ਖੇਡ ਅਫ਼ਸਰ ਗੁਰਪ੍ਰੀਤ ਸਿੰਘ ਬਾਜਵਾ ਨੇ ਉਨ੍ਹਾਂ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ। ਉਨ੍ਹਾਂ ਨੇ ਬੱਚਿਆਂ ਦੀ ਲਗਨ, ਸਮਰਪਣ ਅਤੇ ਉਨ੍ਹਾਂ ਦੇ ਮਾਪਿਆਂ ਦੀ ਭੂਮਿਕਾ ਦੀ ਵੀ ਸਿਰਾਹਨਾ ਕੀਤੀ। ਸ. ਬਾਜਵਾ ਨੇ ਟੀਮ ਦੇ ਕੋਚ ਜੋਗੀ ਦੀ ਵੀ ਖੁਲ੍ਹ ਕੇ ਹੌਂਸਲਾ ਅਫਜਾਈ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਕੋਚ ਹੀ ਬੱਚਿਆਂ ਨੂੰ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਲੈ ਜਾਣ ਦੀ ਸਮਰਥਾ ਰਖਦੇ ਹਨ। ਉਨ੍ਹਾਂ ਨੇ ਆਗਾਮੀ ਸਮੇਂ ਵਿੱਚ ਹੋਰ ਵਧੀਆ ਪ੍ਰਦਰਸ਼ਨ ਦੀ ਉਮੀਦ ਜਤਾਈ ਅਤੇ ਖਿਡਾਰੀਆਂ ਨੂੰ ਉੱਚ ਮਨੋਬਲ ਅਤੇ ਅਨੁਸ਼ਾਸਨ ਨਾਲ ਅੱਗੇ ਵਧਣ ਦੀ ਪ੍ਰੇਰਣਾ ਦਿੱਤੀ।

# ਪੈਂਡੂ ਮਜ਼ਦੂਰ ਯੂਨੀਅਨ ਵੱਲੋਂ ਪੂੰਨੂ ਮਜਾਰੇ ਵਿੱਚ ਚੁਣੀ ਨਵੀਂ ਕਮੇਟੀ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਅੱਜ ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਨਵੀਂ ਕਮੇਟੀ ਦੀ ਚੋਣ ਕੀਤੀ ਗਈ। ਇਸ ਮੌਕੇ ਇਲਾਕਾ ਆਗੂ ਸਤਨਾਮ ਸਿੰਘ ਲਾਡੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਪੰਜਾਬ ਦਾ ਹਰ ਵਰਗ ਸਰਕਾਰ ਦੇ ਕੰਮ ਤੋਂ ਨਿਰਾਸ਼ ਹੈ ਤੇ ਆਪਣੀਆਂ ਮੰਗਾਂ ਤੇ ਮਸਲਿਆਂ ਨੂੰ ਪੂਰਾ ਕਰਨ ਲਈ ਲਗਾਤਰ ਸੰਘਰਸ਼ ਕਰ ਰਿਹਾ ਹੈ। ਆਗੂ ਤੇ ਪਿੰਡ ਵਾਸੀਆਂ ਨੇ ਬੀਤੇ ਕੱਲ ਮੁੱਖ ਮੰਤਰੀ ਦੇ ਬਿਆਨ ਦੇ ਜ਼ੋਰਦਾਰ ਸ਼ਬਦਾਂ ਵਿੱਚ ਨਿਖੇਧੀ ਕੀਤੀ ਤੇ ਕਿਹਾ ਕਿ ਹਰ ਵਰਗ ਨੂੰ ਧਰਨੇ ਪ੍ਰਦਰਸ਼ਨ ਕਰਨ ਦਾ ਅਧਿਕਾਰ ਹੈ ।ਸਰਕਾਰ ਨੂੰ ਇਹੋ ਜਿਹੇ ਬਿਆਨ ਦੇਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਨਹੀਂ ਤਾਂ ਆਉਣ ਵੇਲੇ ਦਿਨਾਂ ਵਿੱਚ ਤਿੱਖੇ ਸੰਘਰਸ਼ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਮੌਕੇ ਆਗੂ ਨੇ ਇਹ ਵੀ ਕਿਹਾ ਕਿ ਹੁਣ ਪੰਜਾਬ ਸਰਕਾਰ ਦਾ ਚਿਹਰਾ ਨੰਗਾ ਹੋ ਗਿਆ ਹੈ ਤੇ ਝੂਠੇ ਤੇ ਨਕਲੀ ਇਨਕਲਾਬ ਵਾਲੀ ਸਰਕਾਰ ਬਿਲਕੁਲ ਫ਼ੇਲ ਹੋ ਚੁੱਕੀ ਹੈ। ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਬਿਨਾ ਸੰਘਰਸ਼ ਤੋਂ ਨਹੀਂ ਹੋਣਾ। ਇਸ ਲਈ ਸਾਨੂੰ ਇਕੱਠੇ ਹੋਕੇ ਸੰਘਰਸ਼ ਕਰਨ ਦੀ ਲੋੜ ਹੈ ਤੇ ਇੱਕ ਵੱਡੀ ਲਾਮਬੰਦੀ ਦੀ ਲੋੜ ਹੈ। ਜਿਸਦੇ ਤਹਿਤ ਪਿੰਡ ਚ ਕਮੇਟੀ ਬਣਾਈ ਗਈ ਤੇ ਕਰਿਸ਼ਨਾ ਦੇਵੀ ਨੂੰ ਪ੍ਰਧਾਨ ਬਣਾਇਆ ਗਿਆ ਤੇ ਮੋਹਣ ਲਾਲ ਨੂੰ ਸੈਕਟਰੀ ਤੇ ਲੱਛਮੀ ਦੇਵੀ ਨੂੰ ਖਜ਼ਾਨਚੀ ਬਣਾਇਆ ਗਿਆ। ਇਸ ਤੋਂ ਇਲਾਵਾ ਅੰਗਰੇਜ਼ ਕੌਰ, ਸੱਤਿਆ ,ਸੀਲਾ ਦੇਵੀ, ਤਰਸੇਮ ਕੌਰ, ਕਮਲਜੀਤ ਕੌਰ, ਹਰਭਜਨ ਕੌਰ ਹਾਜ਼ਿਰ ਸਨ।

# 10 ਮਈ ਨੂੰ ਹੋਣ ਵਾਲੇ ਮਿਲਡੂਰਾ ਆਸਟ੍ਰੇਲੀਆ ਖੇਡ ਮੇਲੇ ਦੀਆਂ ਤਿਆਰੀਆਂ ਮੁਕੰਮਲ

## ਫੁੱਟਬਾਲ, ਕਬੱਡੀ, ਰੱਸਾਕਸ਼ੀ, ਅਥਲੈਟਿਕਸ ਦੀਆਂ 50 ਟੀਮਾਂ ਲੈਣਗੀਆਂ ਹਿੱਸਾ









**ਆਸਟ੍ਰੇਲੀਆ ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)/ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਵਿਕਟੋਰੀਆ ਸਟੇਟ ਦੇ ਚਰਚਿਤ ਸਿਟੀ ਅਤੇ ਪੰਜਾਬੀ ਵੱਸੋਂ ਵਾਲੇ ਸ਼ਹਿਰ ਮਿਲਡੂਰਾ ਵਿਖੇ ਤੀਸਰਾ ਕਬੱਡੀ ਕੱਪ ਅਤੇ ਖੇਡ ਮੇਲਾ 10 ਮਈ ਦਿਨ ਸ਼ਨੀਵਾਰ ਨੂੰ ਸ਼ਹੀਦ ਊਧਮ ਸਿੰਘ ਕਲੱਬ ਵੱਲੋਂ ਮਿਲਡੂਰਾ ਸਪੋਰਟਿੰਗ ਪ੍ਰੈਸਾਇੰਟ ਦੇ ਖੇਡ ਮੈਦਾਨਾਂ ਵਿੱਚ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਕਰਵਾਇਆ ਜਾ ਰਿਹਾ ਹੈ। ਖੇਡਾਂ ਦੇ ਮੁੱਖ ਪ੍ਰਬੰਧਕ ਸਤਵਿੰਦਰਜੀਤ ਸਿੰਘ, ਬੌਬੀ ਗਿੱਲ ਨੇ ਦੱਸਿਆ ਕਿ ਮਿਲਡੂਰਾ ਖੇਡ ਮੇਲੇ ਦੀਆਂ ਤਿਆਰੀਆਂ ਪੂਰੀ ਤਰਾਂ ਮੁਕੰਮਲ ਹੋ ਚੁੱਕੀਆਂ ਹਨ । ਉਹਨਾਂ ਦੱਸਿਆ ਕਿ ਮਿਲਡੂਰਾ ਮੇਲੇ ਦਾ ਮੁੱਖ ਮਕਸਦ ਜਿੱਥੇ ਪੰਜਾਬੀ ਭਾਈਚਾਰੇ ਨੂੰ ਆਪਸ ਵਿੱਚ ਜੋੜਨਾ ਹੈ, ਉਥੇ ਬੱਚਿਆਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨਾ ਹੈ , ਦੁਨੀਆਂ ਨੂੰ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਸੰਦੇਸ਼ ਦੇਣਾ ਹੈ। ਉਹਨਾਂ ਦੱਸਿਆ ਇਹਨਾਂ ਖੇਡਾਂ ਵਿੱਚ ਕਬੱਡੀ ਦੇ ਮੁਕਾ-ਬਲੇ ਮੁੱਖ ਖਿੱਚ ਦਾ ਕੇਂਦਰ ਹੋਣਗੇ, ਜਿਸ ਵਿੱਚ ਜੂਨੀਅਰ ਅਤੇ ਸੀਨੀਅਰ ਵਰਗ ਦੀਆਂ 8 ਟੀਮਾਂ ਹਿੱਸਾ ਲੈਣਗੀਆਂ । ਮਾਣ ਵਾਲੀ ਗੱਲ





ਇਹ ਹੈ ਕਿ ਖੇਡ ਮੇਲੇ ਵਿੱਚ ਨਿਊਜ਼ੀਲੈਂਡ ਦੀ ਕਬੱਡੀ ਟੀਮ ਵੀ ਹਿੱਸਾ ਲਵੇਗੀ। ਇਸ ਤੋਂ ਇਲ-ਾਵਾ ਬੱਚਿਆਂ ਦੇ ਅਥਲੈਟਿਕਸ ਅਤੇ ਕੁਸ਼ਤੀ ਦੇ ਮੁਕਾਬਲੇ, ਫੁਟਬਾਲ, ਰੱਸਾਕਸ਼ੀ, ਮਿਊਜੀਕਲ ਚੇਅਰ ਰੇਸ ਆਦਿ ਖੇਡਾਂ ਦੇ ਮੁਕਾਬਲੇ ਕਰਵਾਏ ਜਾਣਗੇ। ਫੁੱਟਬਾਲ ਦੇ ਵਰਗ ਵਿੱਚ 20 ਟੀਮਾਂ, ਰੱਸਾਕਸ਼ੀ ਵਿੱਚ 8 ਟੀਮਾਂ ਇਸ ਤੋਂ ਇਲਾਵਾ ਅਥਲੈਟਿਕਸ ਦੇ ਵਿੱਚ 100 ਤੋਂ ਵੱਧ ਅਥਲੀਟ ਖੇਡਣਗੇ। ਇਸ ਤੋਂ ਇਲਾਵਾ ਸਿੰਘ ਸਭਾ ਗੁਰਦੁਆਰਾ ਸਾਹਿਬ ਮਿਲਡੂਰਾ ਵਿਖੇ ਪ੍ਰਬੰਧਕੀ ਕਮੇਟੀ ਅਤੇ ਸੰਗਤਾਂ ਵੱਲੋਂ ਸਮੂਹ ਖਿਡਾਰੀਆਂ ਅਤੇ ਆਉਣ ਵਾਲੇ ਦਰਸ਼ਕਾਂ ਲਈ ਲੰਗਰ ਦਾ ਵਧੀਆ ਪ੍ਰਬੰਧ ਕੀਤਾ ਜਾਵੇਗਾ। ਗੁਰੂ ਘਰ ਦੇ ਵਿੱਚ ਮਠਿਆਈਆਂ, ਲੱਡੂ, ਮੱਠੀਆਂ ਆਦਿ ਦੇ ਪਕਵਾਨ ਪੱਕਣੇ ਸ਼ੁਰੂ ਹੋ ਗਏ ਹਨ । ਬੀਬੀਆਂ ਵੀ ਵੱਡੀ ਗਿਣਤੀ ਵਿੱਚ ਪਕਵਾਨ ਪਕਾਉਣ ਦੇ ਵਿੱਚ ਹਿੱਸਾ ਲੈ ਰਹੀਆਂ ਹਨ। ਅੱਜ ਮਿਲਡੂਰਾ ਦੀ ਮੇਅਰ ਹੈਲਨ ਹੈਲੀ ਨੇ ਜਿੱਥੇ ਖੇਡ ਮੈਦਾਨਾਂ ਦਾ ਮੁਆਇਨਾ ਕੀਤਾ ਉਥੇ ਖੇਡਾਂ ਦੇ ਪ੍ਰਬੰਧਕ ਸਤਵਿੰਦਰਜੀਤ ਸਿੰਘ ਬੌਬੀ ਗਿੱਲ, ਸੰਨੀ ਗਰੇਵਾਲ , ਹਰਮੇਸ਼ ਸਿੰਘ ਰੋਡਾ, ਜਗਰੂਪ ਸਿੰਘ ਜਰਖੜ ਨੇ ਹੈਲਨ ਹੈਲੀ ਨੂੰ ਖੇਡਾਂ ਤੇ ਆਉਣ ਦਾ ਸੱਦਾ ਪੱਤਰ ਵੀ ਦਿੱਤਾ। ਉਨਾਂ ਦੱਸਿਆ ਕਿ ਮੇਜਰ ਸਿੰਘ, ਭਗਵੰਤ ਸਿੰਘ ਚੰਦੀ, ਸੰਨੀ ਗਰੇਵਾਲ ਟੂਰਨਾਮੈਂਟ ਦੇ ਗੋਲਡ ਸਪਾਂਸਰ ਹੋਣਗੇ। ਜਦਕਿ ਕਮਲਜੀਤ ਸਿੰਘ ਮਨਸੂਰਾਂ ਗਰੇਵਾਲ ਆਟਾ ਚੱਕੀ ਵਾਲੇ, ਮਨਜਿੰਦਰ ਸਿੰਘ ਗਰੇਵਾਲ, ਬਿਕਰਮ ਸਿੰਘ, ਹਮੇਸ਼ ਸਿੰਘ ਰੋਡਾ , ਚੈਰੀ ਗਰੇਵਾਲ ਪਲੈਟੀਨਮ ਸਪੋਂਸਰ ਹੋਣਗੇ। ਖੇਡਾਂ ਦੇ ਫਾਈਨਲ ਸਮਾਰੋਹ ਤੇ ਦਿਲਪ੍ਰੀਤ ਸਿੰਘ, ਰਘਬੀਰ ਸਿੰਘ, ਮਿਸਟਰ ਐਡ੍ਰਿਨ ਫਾਰ ਨੂੰ ਸਮਾਜ ਅਤੇ

# ਵਿਧਾਇਕ ਜਿੰਪਾ ਨੇ ਸਰਕਾਰੀ ਐਲੀਮੈਂਟਰੀ ਸਕੂਲ ਸੁੰਦਰ ਨਗਰ ਵਿੱਚ 92 ਲੱਖ ਦੀ ਲਾਗਤ ਵਾਲੇ ਵਿਕਾਸ ਕਾਰਜਾਂ ਦਾ ਕੀਤਾ ਉਦਘਾਟਨ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਹੁਸ਼ਿਆਰਪੁਰ ਤੋਂ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਪੰਜਾਬ ਦੀ ਸਿੱਖਿਆ ਕਰਾਂਤੀ ਦੇ ਤਹਿਤ ਸਰਕਾਰੀ ਐਲੀਮੈਂਟਰੀ ਸਕੂਲ ਸੁੰਦਰ ਨਗਰ ਵਿੱਚ 92 ਲੱਖ ਰੁਪਏ ਦੀ ਲਾਗਤ ਨਾਲ ਕੀਤੇ ਗਏ ਵੱਖ-ਵੱਖ ਵਿਕਾਸ ਕਾਰਜਾਂ ਦਾ ਰਸਮੀ ਤੌਰ 'ਤੇ ਉਦਘਾਟਨ ਕੀਤਾ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸਿੱਖਿਆ ਖੇਤਰ ਨੂੰ ਪਹਿਲ ਦੇ ਰਹੀ ਹੈ। ਸਰਕਾਰੀ ਸਕੂਲਾਂ ਵਿੱਚ ਬੁਨਿਆਦੀ ਢਾਂਚਾ ਮਜ਼ਬੂਤ ਕਰਨ, ਸਮਾਰਟ ਕਲਾਸਰੂਮ, ਸਾਫ-ਸੁਥਰੇ ਪਖਾਨੇ, ਆਧੁਨਿਕ ਲਾਇਬ੍ਰੇਰੀ ਅਤੇ ਖੇਡ ਸਹੂਲਤਾਂ ਦੇ ਵਾਧੇ ਲਈ ਨਿਵੇਸ਼ ਕੀਤਾ ਜਾ ਰਿਹਾ ਹੈ। ਵਿਧਾਇਕ ਜਿੰਪਾ ਨੇ ਕਿਹਾ ਕਿ ਸਕੂਲ ਵਿੱਚ ਦਿੱਤੀਆਂ ਜਾ ਰਹੀਆਂ ਸਹੂਲਤਾਂ



ਨਾਲ ਨਾਂ ਸਿਰਫ ਵਿਦਿਆਰਥੀਆਂ ਨੂੰ ਵਧੀਆ ਮਾਹੌਲ ਮਿਲੇਗਾ, ਸਗੋਂ ਮਾਪਿਆਂ ਦਾ ਭਰੋਸਾ ਵੀ ਸਰਕਾਰੀ ਸਕੂਲਾਂ 'ਤੇ ਹੋਰ ਵਧੇਗਾ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਹੋਰ ਵੀ ਸਰਕਾਰੀ ਸਕੂਲਾਂ ਵਿੱਚ ਇਸੇ ਤਰ੍ਹਾਂ ਦੇ ਵਿਕਾਸ ਕਾਰਜ ਕੀਤੇ ਜਾਣਗੇ ਤਾਂ ਜੋ ਹਰ ਬੱਚਾ ਗੁਣਵੱਤਾਪੂਰਨ ਸਿੱਖਿਆ ਪ੍ਰਾਪਤ ਕਰ ਸਕੇ। ਇਸ ਮੌਕੇ ਤੇ ਸਥਾਨਕ ਨਿਵਾਸੀਆਂ, ਮਾਪਿਆਂ ਅਤੇ ਸਕੂਲ ਸਟਾਫ ਨੇ ਵਿਧਾਇਕ ਜਿੰਪਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਨ੍ਹਾਂ ਵਿਕਾਸ ਕਾਰਜਾਂ ਨਾਲ ਸਰਕਾਰੀ ਸਕੂਲ ਹੁਣ ਨਿੱਜੀ ਸਕੂਲਾਂ ਨੂੰ ਟੱਕਰ ਦੇ ਰਹੇ ਹਨ। ਇਸ ਮੌਕੇ ਤੇ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਨੀ, ਡਿਪਟੀ ਮੇਅਰ ਰਣਜੀਤ ਚੌਧਰੀ, ਗੰਗਾ ਪ੍ਰਸਾਦ, ਕੌਂਸਲਰ ਚੰਦਰਾਵਤੀ, ਕੌਂਸਲਰ ਮੰਜੀਤ ਕੌਰ, ਸੰਦੀਪ ਚੇਚੀ, ਕੁਸ਼ ਸ਼ਰਧਾ, ਮੋਹਨ ਲਾਲ, ਮਾਸਟਰ ਰਮਣ ਕੁਮਾਰ, ਕੌਂਸਲਰ ਨਰਿੰਦਰ ਕੌਰ, ਕੌਂਸਲਰ ਰਣਜੀਤ ਕੌਰ, ਪ੍ਰੋਜੈਕਟ ਕੋਆਰਡੀਨੇਟਰ ਚੰਦਰ ਪ੍ਰਕਾਸ਼ ਸਿੰਘ ਦੇ ਨਾਲ ਨਾਲ ਸਕੂਲ ਦੇ ਅਧਿਆਪਕ, ਸਿੱਖਿਆ ਵਿਭਾਗ ਦੇ ਅਧਿਕਾਰੀ ਵੀ ਮੌਜੂਦ ਸਨ।

# ਸਿਵਲ ਹਸਪਤਾਲ ਗੜ੍ਹਸ਼ੰਕਰ ਵਿੱਚ ਡਾਕਟਰਾਂ ਦੀ ਨਫਰੀ ਪੂਰੀ ਕੀਤੀ ਜਾਵੇ - ਪ੍ਰਧਾਨ ਸਤੀਸ਼ ਕੁਮਾਰ ਸੋਨੀ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਸਿਵਲ ਹਸਪਤਾਲ ਵਿੱਚ ਡਾਕਟਰਾਂ ਦੀ ਕਮੀ ਕਾਰਨ ਮਰੀਜਾ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਵਿਚਾਰ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਪੰਜਾਬ ਦੇ ਸੰਸਥਾਪਕ ਪ੍ਰਧਾਨ ਸਤੀਸ਼ ਕੁਮਾਰ ਸੋਨੀ ਨੇ ਪ੍ਰੈਸ ਨਾਲ ਗੱਲਬਾਤ ਕਰਦੇ ਹੋਏ ਕਹੇ। ਉਹਨਾਂ ਕਿਹਾ ਸਰਕਾਰ ਸਿਹਤ ਕੇਂਦਰਾਂ ਦੇ ਵਿਕਾਸ ਦੇ ਦਾਅਵੇ ਗੜ੍ਹਸ਼ੰਕਰ ਵਿਚ ਹਵਾ ਹਵਾਈ ਹੁੰਦੇ, ਦਿਖ ਰਹੇ ਹਨ। ਕਿਉਂਕਿ ਸਿਵਲ ਹਸਪਤਾਲ ਗੜਸ਼ੰਕਰ ਵਿੱਚ ਹੱਡੀਆਂ ਅਤੇ ਅਤੇ ਮਹਿਲਾਵਾਂ ਦੀਆਂ ਬਿਮਾਰੀਆਂ ਦੇ ਇਲਾਜ ਦੇ ਮਾਹਿਰ ਡਾਕਟਰਾਂ ਦੀ ਕਮੀ ਅਤੇ ਪਿਛਲੇ ਕਾਫੀ ਸਾਲਾਂ ਤੋ ਡਾਇਲਸਿਸ ਮਸ਼ੀਨ ਦਾ



ਅਪਰੇਟਰ ਨਾ ਹੋਣ ਕਾਰਨ ਸਿਵਲ ਹਸਪਤਾਲ ਵਿੱਚ ਆਉਣ ਵਾਲੇ ਮਰੀਜ਼ਾਂ ਨੂੰ ਮੁਸ਼ਕਿਲਾਂ ਦਾ ਸਾਹ-ਮਣਾ ਕਰਨਾ ਪੈ ਰਿਹਾ ਹੈ। ਕਿਸੇ ਵੀ ਬਿਮਾਰੀ ਜਾ ਕੋਈ ਸਿਹਤ ਸਬੰਧੀ ਮੁਸ਼ਕਿਲ ਆਉਣ ਕਾਰਣ ਮਰੀਜਾ ਨੂੰ ਹੁਸ਼ਿਆਰਪੁਰ ਜਾ ਪੀ ਜੀ ਆਈ ਹਸਪਤਾਲ ਰੈਫਰ ਕਰ ਦਿੱਤਾ ਜਾਂਦਾ ਹੈ ਅਤੇ ਕਈ ਗਰੀਬ ਮਰੀਜ ਇਲਾਜ ਦੇ ਦੁੱਖੋਂ ਰਸਤੇ ਵਿੱਚ ਹੀ ਆਪਣੀ ਕੀਮਤੀ ਜਾਨ ਗੁਆ ਬੈਠਦੇ ਹਨ। ਡਾਕਟਰਾਂ ਦੀ ਕਮੀ ਕਾਰਨ ਹਸਪਤਾਲ ਵਿਚ ਮਰੀਜਾ ਦੀ ਵਿਗੜਦੀ ਹਾਲਾਤ ਦੇਖਦੇ ਹੋਏ ਆਦਰਸ਼ ਸੋਸ਼ਲ ਵੈਲਫੇਅਰ ਸੁਸਾਇਟੀ ਦੇ ਪ੍ਰਧਾਨ ਸਤੀਸ਼ ਕੁਮਾਰ ਸੋਨੀ ਨੇ ਕਿਹਾ ਅਸੀਂ ਪ੍ਰੈਸ ਦੇ ਮਾਧਿਅਮ ਰਾਹੀਂ ਪ੍ਰੈਸ ਨੋਟ ਦੇ ਕੇ ਸੂਬਾ ਸਰਕਾਰ ਕੋਲੋਂ ਮੰਗ ਕਰਦੇ ਹਾਂ, ਕਿ ਗੜ੍ਹਸ਼ੰਕਰ ਸਿਵਲ ਹਸਪਤਾਲ ਵਿੱਚ ਡਾਕਟਰਾਂ ਦੀ ਕਮੀ ਨੂੰ ਜਲਦੀ ਤੋਂ ਜਲਦੀ ਦੂਰ ਕੀਤਾ ਜਾਵੇ ਅਤੇ ਡਾਇਲਸਿਸ ਮਸ਼ੀਨ ਦੇ ਅਪਰੇਟਰ ਦੀ ਨਿਯੁਕਤੀ ਜਲਦੀ ਕੀਤੀ ਜਾਵੇ ਤਾਂ ਜੋ ਇਲਾਕੇ ਦੇ ਵਸਨੀਕਾਂ ਨੂੰ ਇਲਾਜ ਲਈ ਦੂਰ ਦੁਰੇਡੇ ਦੇ ਹਸਪਤਾਲਾਂ 'ਚ ਜਾ ਕੇ ਧੱਕੇ ਨਾ ਖਾਣੇ ਪੈਣ।

# ਸਮੂਹ ਬਹੁਜਨ ਸਮਾਜ ਨੂੰ ਪੰਜਾਬ ਸੰਭਾਲੋ ਮੁਹਿੰਮ ਦਾ ਹਿੱਸਾ ਬਣਨ ਦੀ ਅਪੀਲ ਕੀਤੀ : ਸ ਅਵਤਾਰ ਸਿੰਘ ਕਰੀਮਪੁਰੀ

**ਬੰਗਾ( ਚਰਨਜੀਤ ਸੱਲ੍ਹਾ )** ਪਿੰਡ ਅਪਰਾ ਵਿਖੇ ਬਹੁਜਨ ਸਮਾਜ ਪਾਰਟੀ ਵੱਲੋਂ ਡਾਕਟਰ ਅੰਬੇਡਕਰ ਜੀ ਦੇ ਜਨਮਦਿਨ ਤੇ ਪੰਜਾਬ ਸੰਭਾਲੋ ਰੈਲੀ ਕੀਤੀ ਗਈ। ਜਿਸ ਵਿੱਚ ਸਮੂਹ ਸੰਗਤਾਂ ਨੂੰ ਪੰਜਾਬ ਸੰਭਾਲੋ ਮਹਿਮ ਦਾ ਹਿੱਸਾ ਬਣਨੇ ਦਾ ਸੱਦਾ ਦਿੱਤਾ ਗਿਆ ਤਾਂ ਕਿ ਸਿਹਤਮੰਦ ਪੰਜਾਬ ਦੀ ਸਿਰਜਨਾ ਕੀਤੀ ਜਾ ਸਕੇ ਪੰਜਾਬ ਦੇ ਸਾਹਮਣੇ ਪੇਸ਼ ਚੁਣੌਤੀਆਂ ਡਰੱਗ ਮਾਫੀਆ,ਬੇਰੁਜ਼ਗਾਰੀ,ਭਰਿਸ਼ਟਾਚਾ, ਐਜੂਕੇਸ਼ਨ ਦੇ ਖੇਤਰ ਦੀਆਂ ਚੁਣੌਤੀਆਂ,ਸਿਹਤ ਵਿਭਾਗ ਦੀਆਂ ਚੁਨੌਤੀਆਂ, ਪੰਜਾਬ ਦੇ ਸਿਰ ਕਰਜ਼ਾ,ਮਜ਼ਦੂਰ, ਕਿਸਾਨ ਕਿਰਤੀ ਕਾਮੇ, ਵਪਾਰੀ,ਬੇਰੁਜ਼ਗਾਰ ਨੌਜਵਾਨਾਂ ਦੀਆਂ ਸਮੱਸਿਆਵਾਂ ਦਾ ਹੱਲ ਲੱਭਿਆ ਜਾ ਸਕੇ ਅਤੇ ਪੰਜਾਬ ਨੂੰ ਇਸ ਘੋਰ ਅੰਧਕਾਰ ਚੋਂ ਕੱਢ ਕੇ ਨਵੇਂ ਨਰੋਏ ਪੰਜਾਬ ਦੀ ਸਿਰਜਣਾ ਕੀਤੀ ਜਾ ਸਕੇ ਇਹ ਸ਼ਬਦ ਐਡਵੋਕੇਟ ਸ ਅਵਤਾਰ ਸਿੰਘ ਕਰੀਮਪੁਰੀ ਜੀ ਪ੍ਰਧਾਨ ਬਸਪਾ ਪੰਜਾਬ ਨੇ ਅੱਪਰਾ ਵਿਖੇ ਭਰਵੀਂ ਰੈਲੀ ਨੂੰ ਸੰਬੋਧਿਤ ਕਰਦਿਆਂ ਕਹੇਂ। ਇਸ ਮੌਕੇ ਲਾਲ ਚੰਦ ਔਜਲਾ ਜਨਰਲ ਸਕੱਤਰ ਬਸਪਾ ਪੰਜਾਬ,



ਤੀਰਥ ਸਿੰਘ ਰਾਜਪੁਰਾ ਜਨਰਲ ਸਕੱਤਰ ਬਸਪਾ ਪੰਜਾਬ,ਭਾਗ ਸਿੰਘ ਪੁਰੀ ਐਨ ਆਰ ਆਈ,ਖੁਸੀ ਰਾਮ ਸਰਪੰਚ, ਸੁਸ਼ੀਲ ਵਿਰਦੀ, ਸਤਪਾਲ ਸਿੰਘ ਪੇਟੀਆਂ ਵਾਲੇ, ਵਿਨੇ ਕੁਮਾਰ ਸਰਪੰਚ ਅੱਪਰਾ, ਸੁਖਵਿੰਦਰ ਕੁਮਾਰ ਪ੍ਰਧਾਨ ਹਲਕਾ ਫਿਲੌਰ ਅਤੇ ਬਸਪਾ ਦੇ ਵਰਕਰਾਂ ਸਮਰਥਕਾਂ ਦੀ ਭਾਰੀ ਗਿਣਤੀ ਵਿੱਚ ਹਾਜ਼ਰ ਸਨ।

# ਪੱਤਰਕਾਰ ਅਵਤਾਰ ਚੰਦ ਨੇ ਖ਼ੂਨਦਾਨ ਕਰ ਕੇ ਮਨਾਇਆ ਆਪਣਾ 45ਵਾਂ ਜਨਮ ਦਿਨ

## ਖ਼ੂਨ ਇੱਕ ਅਜਿਹੀ ਚੀਜ਼ ਹੈ ਜਿਸ ਨੂੰ ਬਣਾਇਆ ਨਹੀਂ ਜਾ ਸਕਦਾ , ਢਿੱਲੋਂ, ਚੁੰਬਰ

**ਨੂਰਮਹਿਲ ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਯੂਥ ਵੈਲਫੇਅਰ ਕਲੱਬ ਦੇ ਪ੍ਰਧਾਨ ਜਸਪ੍ਰੀਤ ਸਿੰਘ ਢਿੱਲੋਂ, ਬਹੁਜਨ ਸਮਾਜ ਪਾਰਟੀ ਦੇ ਸਾਬਕਾ ਪ੍ਰਧਾਨ ਮਲਕੀਤ ਚੁੰਬਰ ਦੀ ਅਗਵਾਈ ਹੇਠ, ਪੱਤਰਕਾਰ ਅਤੇ ਸਮਾਜ ਸੇਵੀ ਅਵਤਾਰ ਚੰਦ ਨੇ ਆਪਣਾ 45 ਵਾਂ ਜਨਮ ਦਿਨ ਨਕੋਦਰ ਦੇ ਸਿਵਲ ਹਸਪਤਾਲ ਵਿਖੇ ਖ਼ੂਨਦਾਨ ਕਰਕੇ ਮਨਾਇਆ। ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਖ਼ੂਨਦਾਨ ਕਰਨਾ ਚਾਹੀਦਾ ਹੈ। ਖ਼ੂਨਦਾਨ ਕਰਨ ਨਾਲ ਕਿਸੇ ਦੀ ਜ਼ਿੰਦਗੀ ਬਚ ਸਕਦੀ ਹੈ। ਉਨ੍ਹਾਂ ਕਿਹਾ ਕਿ ਖ਼ੂਨਦਾਨ ਮਹਾਦਾਨ ਹੈ। ਇਸ ਮੌਕੇ ਜਸਪ੍ਰੀਤ ਸਿੰਘ ਢਿੱਲੋਂ ਨੇ ਅਪੀਲ ਕੀਤੀ ਹੈ ਕਿ ਆਓ ਆਪਾਂ ਸਾਰੇ ਰਲ ਮਿਲ ਕੇ ਖ਼ੂਨਦਾਨ ਕਰੀਏ, ਤਾਂ ਕਿ ਕੀਮਤੀ ਜਾਨਾਂ ਨੂੰ ਬਚਾਇਆ ਜਾ ਸਕੇ। ਸਾਨੂੰ ਆਪਣੇ ਫਾਲਤੂ ਖਰਚਿਆਂ ਨੂੰ ਘਟਾ ਕੇ ਲੋੜਵੰਦਾਂ ਦੀ ਸਹਾਇਤਾ ਕਰਨੀ ਚਾਹੀਦੀ ਹੈ, ਸਾਨੂੰ ਸਾਰਿਆਂ ਨੂੰ ਰਲ ਮਿਲ ਕੇ ਗਰੀਬਾਂ, ਬੇਸਹਾਰਾ ਬੱਚਿਆਂ,



ਔਰਤਾਂ ਦੇ ਲਈ ਕੰਮ ਕਰਨਾ ਚਾਹੀਦਾ ਹੈ, ਤਾਂ ਕਿ ਉਹ ਵੀ ਸਮਾਜ ਦੇ ਹਾਣੀ ਬਣਨ। ਸਾਡਾ ਦਿੱਤਾ ਹੋਇਆ ਖੂਨ ਕਿਸੇ ਦੀ ਘਰ ਦਾ ਚਿਰਾਗ, ਕਿਸੇ ਬਜੁਰਗ ਮਾਂ ਬਾਪ ਦੇ ਸਹਾਰੇ ਦੀ ਜ਼ਿੰਦਗੀ ਨੂੰ ਬਚਾਉਣ ਦੇ ਵਿਚ ਸਹਾਈ ਹੋ ਸਕਦਾ ਹੈ। ਇਸ ਮੌਕੇ ਤੇ ਮਲਕੀਤ ਚੁੰਬਰ ਨੇ ਕਿਹਾ ਕਿ ਖੂਨ ਇਕ ਅਜਿਹੀ ਚੀਜ਼ ਹੈ ਜਿਸ ਨੂੰ ਬਣਾਇਆ ਨਹੀਂ ਜਾ ਸਕਦਾ। ਮਨੁੱਖ ਦੇ ਸਰੀਰ ਵਿੱਚ ਆਪਣੇ-ਆਪ ਬਣਦਾ ਹੈ। ਖੂਨ ਦੇ ਦਾਨ ਨੂੰ ਮਹਾਂਦਾਨ ਕਿਹਾ ਜਾਂਦਾ ਹੈ। ਸਹੀ ਸਮੇਂ ਤੇ ਜੇਕਰ ਖੂਨ ਉਪਲਬਧ ਹੋ ਜਾਵੇ ਤਾਂ ਕਈ ਕੀਮਤੀ ਜਾਨਾਂ ਬਚ ਸਕਦੀਆਂ ਹਨ। ਸੰਸਾਰ ਦੇ ਹਰ ਵਿਅਕਤੀ ਲਈ ਸੁਰੱਖਿਅਤ ਖੂਨ ਦੀ ਜ਼ਰੂਰਤ ਹਰ ਸਮੇਂ ਹੈ। ਹਰੇਕ ਸਕਿੰਟ ਕਿਸੇ ਨਾ ਕਿਸੇ ਨੂੰ, ਕਿਸੇ ਵੀ ਥਾਂ ਤੇ ਖੂਨ ਦੀ ਜ਼ਰੂਰਤ ਪੈ ਸਕਦੀ ਹੈ।ਇਸ ਮੌਕੇ ਤੇ ਮਲਕੀਤ ਚੁੰਬਰ ਨੇ ਕਿਹਾ ਕਿ ਖੂਨ ਇਕ ਅਜਿਹੀ ਚੀਜ਼ ਹੈ ਜਿਸ ਨੂੰ ਬਣਾਇਆ ਨਹੀਂ ਜਾ ਸਕਦਾ। ਮਨੁੱਖ ਦੇ ਸਰੀਰ ਵਿੱਚ ਆਪਣੇ-ਆਪ ਬਣਦਾ ਹੈ। ਖੂਨ ਦੇ ਦਾਨ ਨੂੰ ਮਹਾਂਦਾਨ ਕਿਹਾ ਜਾਂਦਾ ਹੈ। ਸਹੀ ਸਮੇਂ ਤੇ ਜੇਕਰ ਖੂਨ ਉਪਲਬਧ ਹੋ ਜਾਵੇ ਤਾਂ ਕਈ ਕੀਮਤੀ ਜਾਨਾਂ ਬਚ ਸਕਦੀਆਂ ਹਨ। ਸੰਸਾਰ ਦੇ ਹਰ ਵਿਅਕਤੀ ਲਈ ਸੁਰੱਖਿਅਤ ਖੂਨ ਦੀ ਜ਼ਰੂਰਤ ਹਰ ਸਮੇਂ ਹੈ। ਹਰੇਕ ਸਕਿੰਟ ਕਿਸੇ ਨਾ ਕਿਸੇ ਨੂੰ, ਕਿਸੇ ਵੀ ਥਾਂ ਤੇ ਖੂਨ ਦੀ ਜ਼ਰੂਰਤ ਪੈ ਸਕਦੀ ਹੈ।

# ਭਾਸ਼ਾ ਵਿਭਾਗ ਦਫ਼ਤਰ ਵੱਲੋਂ ਉਰਦੂ ਆਮੋਜ਼ ਕੋਰਸ ਸਰਟੀਫਿਕੇਟ ਵੰਡ ਸਮਾਗਮ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ ਵੱਲੋਂ ਕਰਵਾਏ ਜਾ ਰਹੇ ਛੇ ਮਹੀਨੇ ਦੇ ਉਰਦੂ ਆਮੋਜ਼ ਕੋਰਸ ਦੇ ਬੈਚ ਜੁਲਾਈ-ਦਸੰਬਰ 2024 ਦੇ ਵਿਦਿਆਰਥੀਆਂ ਨੂੰ ਇਹ ਕੋਰਸ ਸੰਪੰਨ ਕਰਨ ਉਪਰੰਤ ਸਰਟੀਫਿਕੇਟ ਵੰਡ ਸਮਾਗਮ ਕਰਵਾਇਆ ਗਿਆ, ਜਿਸ ਵਿਚ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਮੁੱਖ ਮਹਿਮਾਨ ਨੂੰ ਜੀ ਆਇਆਂ ਸ਼ਬਦ ਆਖਦਿਆਂ ਜ਼ਿਲ੍ਹਾ ਖੋਜ ਅਫ਼ਸਰ ਡਾ. ਜਸਵੰਤ ਰਾਏ ਨੇ ਭਾਸ਼ਾ ਵਿਭਾਗ ਵੱਲੋਂ ਕਰਵਾਏ ਜਾ ਰਹੇ ਉਰਦੂ ਆਮੋਜ਼ ਕੋਰਸ ਅਤੇ ਭਾਸ਼ਾ ਵਿਭਾਗ ਦੀਆਂ ਬਾਕੀ ਸਾਹਿਤਕ ਅਤੇ ਸਿਰ-ਜਣਾਤਮਕ ਗਤੀਵਿਧੀਆਂ ਬਾਰੇ ਵਿਸੂਤਾਰ ਨਾਲ ਜਾਣਕਾਰੀ ਦਿੱਤੀ।

ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਉਰਦੂ ਆਮੋਜ਼ ਦਾ ਇਮਤਿਹਾਨ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਭਾਰਤ ਦੀ ਪ੍ਰਾਚੀਨ ਬਹੁਤ ਖ਼ੂਬਸੂਰਤ ਜ਼ੁਬਾਨ ਹੈ।



ਸਾਡੀ ਪੰਜਾਬੀ ਭਾਸ਼ਾ ਦਾ ਹਾਜ਼ਮਾ ਦਰੁਸਤ ਹੋਣ ਕਰਕੇ ਅਰਬੀ ਫ਼ਾਰਸੀ ਦੇ ਬਹੁਤ ਸਾਰੇ ਸ਼ਬਦਾਂ ਦਾ ਖ਼ਜਾਨਾ ਇਸ ਵਿਚ ਰਲ਼ ਗਿਆ ਹੈ। ਇਸ ਨਾਲ ਪੰਜਾਬੀ ਭਾਸ਼ਾ ਦੇ ਸ਼ਬਦ ਭੰਡਾਰ ਵਿੱਚ ਸਿਰਫ਼ ਵਾਧਾ ਹੀ ਨਹੀਂ ਹੋਇਆ ਸਗੋਂ ਇਸ ਜ਼ੁਬਾਨ ਵਿਚ ਰੋਚਕਤਾ ਅਤੇ ਖੂਬਸੂਰਤੀ ਵੀ ਵਧੀ । ਭਾਸ਼ਾ ਵਿਭਾਗ ਵੱਲੋਂ ਕਰਵਾਇਆ ਜਾ ਰਿਹਾ ਉਰਦੂ ਆਮੋਜ਼ ਦਾ ਕੋਰਸ ਪੰਜਾਬੀ ਭਾਸ਼ਾ ਦੇ ਲੰਬੇ ਚੌੜੇ ਇਤਿਹਾਸ ਨੂੰ ਟਟੋਲਣ ਅਤੇ ਖੰਘਾਲਣ ਵਿੱਚ ਹੋਰ ਵਾਧਾ ਕਰੇਗਾ। ਇਸ ਕਰਕੇ ਵੱਧ ਤੋਂ ਵੱਧ ਵਿਦਿਆਰਥੀਆਂ ਅਤੇ ਪਾਠਕਾਂ ਨੂੰ ਇਸ ਕੋਰਸ ਨਾਲ ਜੁੜਨ ਦੀ ਲੋੜ ਹੈ। ਉਨ੍ਹਾਂ ਉਰਦੂ ਆਮੋਜ਼ ਦਾ ਇਮਤਿਹਾਨ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਤਕਸੀਮ ਕਰਕੇ ਵਧਾਈ ਦਿੱਤੀ। ਇਸ ਮੌਕੇ ਭਾਸ਼ਾ ਵਿਭਾਗ ਵੱਲੋਂ ਆਸ਼ਿਕਾ ਜੈਨ ਦਾ ਚਿਰਾਗ਼ ਮੈਗਜ਼ੀਨ ਨਾਲ ਸਨਮਾਨ ਕੀਤਾ ਗਿਆ। ਇਸ ਸਮੇਂ ਲਵਪ੍ਰੀਤ, ਲਾਲ ਸਿੰਘ, ਡਾ. ਬ੍ਰਿਜ ਭੂਸ਼ਨ ਉਰਦੂ ਅਧਿਆਪਕ, ਨਵਲੀਨ ਕੌਰ, ਪ੍ਰਿੰਸੀਪਲ ਚਰਨ ਸਿੰਘ, ਬਲਬੀਰ ਸਿੰਘ, ਗੁਰਬਿੰਦਰ ਸਿੰਘ, ਸੁਖਦੇਵ ਸਿੰਘ, ਵਰਿੰਦਰ ਪਾਲ ਸਿੰਘ, ਸਤਬੀਰ ਸਿੰਘ, ਸੀਮਾ, ਮਯੰਕ ਸ਼ਰਮਾ , ਪੁਸ਼ਪਾ ਰਾਣੀ ਆਦਿ ਹਾਜ਼ਰ ਸਨ।

# ਬੁਲੰਦਾ ਪਿੰਡ ਵਿਖੇ ਸਰਪੱਟੇ ਅਤੇ ਰੇਵੀਆ ਘੋੜੇ ਘੋੜਿਆਂ ਦੀਆਂ ਦੌੜਾਂ ਦਾ ਤੀਸਰਾ ਸ਼ਾਨਦਾਰ ਖੇਡ ਮੇਲਾ 18 ਮਈ ਨੂੰ

**ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)** ਰੇਵੀਆ ਅਤੇ ਸਰਪੱਟੇ ਘੜੇ ਘੋੜਿਆਂ ਦੀਆਂ ਦੌੜਾਂ ਦਾ ਤੀਸਰਾ ਸ਼ਾਨਦਾਰ ਖੇਡ ਮੇਲਾ ਨਗਰ ਨਿਵਾਸੀਆਂ ਅਤੇ ਐਨ.ਆਰ.ਆਈ ਦੇ ਸਹਿਯੋਗ ਨਾਲ 18ਮਈ ਦਿਨ ਐਤਵਾਰ ਨੂੰ ਸਥਾਨ ਮਹਿਤਪੁਰ ਤੋਂ ਸ਼ਾਹਕੋਟ ਰੋਡ ਪਿੰਡ ਬੁਲੰਦਾ ਜਿਲਾ ਜਲੰਧਰ ਵਿਖੇ ਬਹੁਤ ਹੀ ਸਾਨੋਸ਼ੌਕਤ ਨਾਲ ਕਰਵਾਇਆ ਜਾ ਰਿਹਾ ਹੈ। ਰੇਵੀਆ ਅਤੇ ਸਰਪੱਟੇ ਅਤੇ ਘੋੜੇ ਘੋੜਿਆਂ ਦੀਆਂ ਦੌੜਾਂ ਦਾ ਪਹਿਲਾ ਇਨਾਮ 21000/ ਦੂਜਾ ਇਨਾਮ 18000/ ਤੀਜਾ ਇਨਾਮ 15000/ ਚੌਥਾ ਇਨਾਮ 11000/ ਪੰਜਵਾ ਇਨਾਮ 8100/ ਛੇਵਾਂ ਇਨਾਮ 7100/ ਮੰਡਹਾਂ ਟਹਿਭ 6100/ ਅੱਠਵਾਂ ਇਨਾਮ 5100/ ਨੌਵਾਂ ਇਨਾਮ 4100/ ਦੱਸਵਾਂ ਇਨਾਮ 3100/ ਗਿਆਰਵਾ ਇਨਾਮ 2100/ ਬਾਰਵਾਂ ਇਨਾਮ 1100/ ਤੇਹਰਵਾਂ ਇਨਾਮ 1100/ ਚੌਦਵਾ ਇਨਾਮ 1100/ ਪੰਦਰਵਾਂ ਇਨਾਮ 1100/ ਦਿੱਤੇ ਜਾਣਗੇ। ਸ਼ਰਤਾਂ: ਐਟਰੀ ਫੀਸ 100 ਰੁ: ਹੋਵੇਗੀ, ਰੇਵੀਆ ਚਾਲ ਵਿੱਚ ਦੋ ਫਾਉਲ ਮਾਫ ਕੀਤੇ ਜਾਣਗੇ, ਸਰਪੱਟਾ ਦੌੜ ਵਿੱਚ ਡੱਬੇ ਦਾ ਸਮਾਂ 5 ਮਿੰਟ ਦਾ ਹੋਵੇਗਾ। ਜੱਜ ਪ੍ਰਬੰਧਕ ਕਮੇਟੀ ਵਲੋਂ ਹੀ ਨਿਯੁਕਤ ਕੀਤੇ ਜਾਣਗੇ,ਦੇਸੀ ਕੰਨ ਜੁੜਦੇ ਵਾਲੇ ਹੀ ਘੋੜੇ ਘੋੜਿਆਂ ਭਜਾਏ ਜਾਣਗੇ, ਐਂਟਰੀ ਫੀਸ 11 ਵਜੇ ਤੱਕ ਹੀ ਲਈ ਜਾਵੇਗੀ, ਰੇਵੀਆ ਅਤੇ ਸਰਪੱਟੇ ਦੋਵੇਂ ਦੌੜਾ ਨੂੰ ਇੱਕੋ ਇਨਾਮ ਹੀ ਦਿੱਤੇ ਜਾਣਗੇ, ਮੇਲਾ 2 ਵਜੇ ਸ਼ੁਰੂ ਹੋਵਗਾ, ਕਮੇਟੀ ਦਾ ਫ਼ੈਸਲਾ ਅਟੱਲ ਹੋਵੇਗਾ। ਰੇਵੀਆ ਚਾਲ ਦਾ ਮੁਕਾਬਲਾ ਕਦਮ ਬਾਜੀ ਦਾ ਹੋਵੇਗਾ। ਮੇਲੇ ਵਿੱਚ ਬੀਬੀਆਂ ਦੇ ਬੈਠਣ ਲਈ ਖਾਸ ਪ੍ਰਬੰਧ ਕੀਤਾ ਗਿਆ ਹੈ। ਲੰਗਰ ਅਟੁੱਟ ਵਰਤਾਇਆ ਜਾਵੇਗਾ। ਸਾਰਿਆਂ ਨੂੰ ਬੇਨਤੀ ਹੈ ਕਿ ਪਿੰਡ ਬੁਲੰਦਾ ਵਿਖੇ ਪਹੁੰਚ ਕੇ ਮੇਲੇ ਦੀ ਰੌਣਕ ਵਧਾਓ। ਸੰਪਰਕ 9878232407 ਕਰਮਜੀਤ ਚੀਮਾ , 6280505821 ਗੋਪੀ ਕੰਗ , 8837822093 ਸੁੱਖਾ ਸੰਧੂ ਸ਼ਾਮਪੁਰੀਆ , 9815464841 ਸੋਨੂੰ ਗਰੋਵਰ ।




# ਜ਼ਿਲ੍ਹੇ 'ਚ ਕੌਮੀ ਲੋਕ ਅਦਾਲਤ 10 ਮਈ ਨੂੰ - ਜ਼ਿਲ੍ਹਾਂ ਅਤੇ ਸ਼ੈਸਨ ਜੱਜ ਪ੍ਰਿਆ ਸੂਦ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਨੈਸ਼ਨਲ ਲੀਗਲ ਸਰਵਿਸ ਅਥਾਰਟੀ ਦੇ ਦਿਸ਼ਾਂ ਨਿਰਦੇਸ਼ਾਂ ਅਤੇ ਮੈਬਰ ਸਕੱਤਰ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐਸ. ਏ. ਐਸ. ਨਗਰ ਦੀਆਂ ਹਦਾਇਤਾਂ 'ਤੇ ਜਿਲ੍ਹਾਂ ਅਤੇ ਸੈਸ਼ਨ ਜੱਜ, ਸ਼ਹੀਦ ਭਗਤ ਸਿੰਘ ਨਗਰ ਪ੍ਰਿਆ ਸੂਦ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਕੌਮੀ ਲੋਕ ਅਦਾਲਤ 10 ਮਈ ਨੂੰ ਲਗਾਈ ਜਾਵੇਗੀ। ਜਿਲ੍ਹਾਂ ਅਤੇ ਸੈਸ਼ਨ ਜੱਜ, ਸ਼ਹੀਦ ਭਗਤ ਸਿੰਘ ਨਗਰ ਪ੍ਰਿਆ ਸੂਦ ਵੱਲੋ ਦੱਸਿਆ ਕਿ ਨੈਸ਼ਨਲ ਲੀਗਲ ਸਰਵਿਸ ਅਥਾਰਟੀ ਦੇ ਨਿਰਦੇਸ਼ਾਂ ਅਨੁਸਾਰ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ , ਐਸ.ਏ.ਐਸ ਨਗਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਦਾਲਤੀ ਤੇ ਪ੍ਰੀ-ਲਿਟੀਗੇਟਿਵ ਪੜਾਅ ਤੇ ਆਏ ਰਾਜੀਨਾਮਾ ਹੋਣ ਯੋਗ ਕੇਸਾਂ ਦਾ ਆਪਸੀ ਸਹਿਮਤੀ ਨਾਲ ਨਿਪਟਾਰਾ ਕਰਨ ਲਈ ਜ਼ਿਲੇ ਵਿੱਚ 10.05.2025 ਨੂੰ ਕੌਮੀ ਲੋਕ ਅਦਾਲਤ ਲਗਾਈ ਜਾਵੇਗੀ । ਉਨਾਂ ਦੱਸਿਆ ਕਿ ਇਸ ਕੌਮੀ ਲੋਕ ਅਦਾਲਤ ਵਿੱਚ ਪੈਨਸ਼ਨ ਕੇਸ ਸਮੇਤ ਸੇਵਾਵਾਂ ਦੇ ਕੇਸ, ਜਮੀਨ ਗ੍ਰਹਿਣ ਦੇ ਕੇਸ, ਰੈਵਿਨਿਊ ਦੇ ਕੇਸ, ਬੀ.ਐਸ.ਐਨ.ਐਲ ਦੇ ਕੇਸ, ਬੀਮਾ ਕੰਪਨੀ ਦੇ ਨਾਲ ਸਬੰਧਤ ਕੇਸ, ਵਿੱਤੀ ਫਾਂਈਨਾਸ ਦੇ ਕੇਸ, ਬੈਕਾਂ ਲੋਨ ਨਾਲ ਸਬੰਧਤ ਕੇਸ, ਪਾਣੀ ਦੇ ਬਿੱਲ, ਕ੍ਰਿਮੀਨਲ ਕਪਾਊਂਡੇਬਲ ਕੇਸ, ਚੈਂਕ ਬਾਊਸ ਨਾਲ ਸਬੰਧਿਤ ਕੇਸ, ਮੋਟਰ ਐਕਸੀਡੈਟ ਕਲੇਮ ਕੇਸ, ਟ੍ਰਿਬਿਊਨਲ ਨਾਲ ਸਬੰਧਿਤ ਕੇਸ, ਵਿਵਾਹਿਤ ਝਗੜੇ, ਟ੍ਰੈਫਿਕ ਚਲਾਨ, ਲੇਬਰ ਵਿਵਾਦ ਦੇ ਕੇਸ, ਬਿਜਲੀ ਦੇ ਕੇਸ ਅਤੇ ਹੋਰ ਰਾਜੀਨਾਮਾ ਯੋਗ ਕੇਸਾਂ ਦੀ ਸੁਣਵਾਈ ਕੀਤੀ ਜਾਵੇਗੀ । ਇਸ ਤੋਂ ਇਲਾਵਾ ਉਨਾਂ ਕਿਹਾ ਕਿ ਕੌਮੀ ਲੋਕ ਅਦਾਲਤ ਵਿੱਚ ਕੇਸ ਲਗਾਉਣ ਲਈ ਜੇਕਰ ਕੋਈ ਪ੍ਰੇਸ਼ਾਨੀ ਆਉਦੀ ਹੈ ਤਾਂ ਦਫਤਰ ਜ਼ਿਲ੍ਹਾਂ ਕਾਨੂੰਨੀ ਸੇਵਾਵਾਂ ਅਥਾਰਟੀ, ਸ਼ਹੀਦ ਭਗਤ ਸਿੰਘ ਨਗਰ ਅਤੇ ਦਫਤਰ ਦੇ ਨੰਬਰ 01823-223511 ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ ।

# ਬਵਾਸੀਰ ਦਾ ਇਲਾਜ

ਅਗਰ ਕਿਸੇ ਨੂੰ ਬਵਾਸੀਰ ਹੈ , ਜਿਸ ਵਿੱਚ ਖ਼ੂਨ ਵੀ ਆਉਂਦਾ ਹੈ ਅਤੇ ਗੁਦਾ ਉੱਤੇ ਸੋਜ਼ਿਸ਼ ਵੀ ਹੈ , ਉਹਦੇ ਲਈ ਇੱਕ ਬਹੁਤ ਹੀ ਸਧਾਰਨ ਜਿਹਾ ਨੁਸਖ਼ਾ ਦੱਸ ਰਿਹਾ ਹਾਂ । ਪੁੱਠਕੰਡੇ ਦੀ ਜੜ੍ਹ ਦਾ ਚੂਰਨ ਬਣਾਓ ਅਤੇ ਦੋ ਗ੍ਰਾਮ ਚੂਰਨ ਗੁੜ ਵਿੱਚ ਲਪੇਟ ਕੇ ਸਵੇਰੇ ਅਤੇ ਦੋ ਗ੍ਰਾਮ ਹੀ ਸ਼ਾਮ ਨੂੰ ਸਾਦੇ ਪਾਣੀ ਨਾਲ ਲਓ । ਇਸ ਤਰ੍ਹਾਂ ਸਿਰਫ ਤਿੰਨ ਦਿਨ ਵਿੱਚ ਹੀ ਗੁਦਾ ਵਿੱਚੋਂ ਖ਼ੂਨ ਆਉਣਾ ਬੰਦ ਹੋ ਜਾਏਗਾ ਅਤੇ ਸੋਜ਼ਿਸ਼ ਵੀ ਖਤਮ ਹੋ ਜਾਏਗੀ।

**ਡਾਕਟਰ ਇੰਦਰਜੀਤ ਕਮਲ**



# ਪਹਿਲਗਾਮ ਹਮਲਾ, ਸਚਾਈ ਕਦੇ ਬਾਹਰ ਨਹੀਂ ਆਏਗੀ

22 ਅਪ੍ਰੈਲ 2025 ਨੂੰ ਇੱਕ ਸ਼ਰਮਨਾਕ ਘਟਨਾ ਵਾਪਰੀ ਜਿਸ ਨੇ 26 ਜਾਨਾਂ ਲੈ ਲਈਆਂ। ਉਸ ਤੋਂ ਵੀ ਸ਼ਰਮ ਵਾਲੀ ਗੱਲ ਗੋਦੀ ਮੀਡੀਆ ਵਾਲੇ ਸੰਘ ਪਾੜ ਪਾੜ ਕਹਿੰਦਾ ਰਿਹਾ ਧਰਮ ਪੁੱਛਿਆ ਤੇ ਗੋਲੀ ਮਾਰੀ। ਜ਼ਾਤ ਨਹੀਂ ਪੁੱਛੀ। ਹੁਣ ਜਿਹੜੀ ਪਛਾਣ ਉਸ ਹਮਲੇ ਵਿੱਚ ਮਰਨ ਵਾਲਿਆਂ ਦੀ ਆਈ ਹੈ ਉਸ ਵਿੱਚ 26 ਮਰਨ ਵਾਲਿਆਂ ਵਿੱਚ 15 ਮੁਸਲਮਾਨ,2 ਕ੍ਰਿਸ਼ਚੀਅਨ,2 ਵਿਦੇਸ਼ੀ, ਅਤੇ 7 ਹਿੰਦੂ ਸਨ। ਜਿਹੜੇ ਧਰਤੀ ਦੇ ਕਹੇ ਜਾਂਦੇ ਸ੍ਵਰਗ ਕਸ਼ਮੀਰ ਵਿੱਚ ਘੁੰਮਣ ਜਾਂਦੇ ਹਨ ਉਹ ਅਪਨਾ ਧਰਮ ਦੇਖ਼ ਕੇ ਥੋੜ੍ਹਾ ਜਾਂਦੇ ਹਨ। ਇੱਕ ਨੇਵੀ ਅਫਸਰ ਹਰਿਆਣੇ ਤੋਂ ਵਿਆਹ ਕਰਵਾ ਕੇ ਖੁਸ਼ੀ ਖੁਸ਼ੀ ਘੁੰਮਣ ਗਿਆ ਅਤੇ ਉਹ ਜਿਉਂਦਾ ਵਾਪਸ ਨਹੀਂ ਆਇਆ। ਉਸ ਲੜਕੀ ਦਾ ਕੀ ਕਸੂਰ ਸੀ ਜਿਹੜੀ ਇੱਕ ਹਫ਼ਤੇ ਵਿੱਚ ਹੀ ਵਿਧਵਾ ਹੋ ਗਈ। 56 ਇੰਚ ਦੀ ਛਾਤੀ ਵਾਲਾ ਜਰਨੈਲ,, ਵਿਦੇਸ਼ੀ ਦੌਰੇ ਤੋਂ ਵਾਪਸ ਆ ਗਿਆ ਗੋਦੀ ਮੀਡੀਆ ਨੇ ਸ਼ੋਰ ਪਾਇਆ ਕਿ ਸਾਡੇ ਫ਼ਕੀਰ ਵਾਪਸ ਆ ਗਏ ਪਰ ਪਹਿਲਗਾਮ ਜਾਣ ਦੀ ਜਗ੍ਹਾ ਬਿਹਾਰ ਵਿੱਚ ਚੋਣ ਪ੍ਰਚਾਰ ਕਰਨ ਲੱਗ ਪਏ। ਕਿਸੇ ਕਵੀ ਨੇ ਸੱਚ ਹੀ ਕਿਹਾ ਹੈ ਕਿ **ਸਰਹੱਦੋਂ ਪਰ ਤਨਾਵ ਹੈ,, ਕਿਆ ਦੇਸ਼ ਮੇਂ ਚੁਨਾਵ ਹੈ** ਭਾਜਪਾ ਦੀ ਸਰਕਾਰ 2002 ਵਿੱਚ ਕਾਰਗਿਲ ਲੜਾਈ,, ਪੁਲਵਾਮਾ ਹਮਲਾ 2019 46 ਫੌਜ ਦੇ ਜਵਾਨ ਸਦਾ ਲਈ ਖਾਮੋਸ਼ ਹੋ ਗਏ। ਸਾਡੇ ਪ੍ਰਧਾਨ ਸੇਵਕ ਨੇ ਉਨ੍ਹਾਂ ਦੇ ਨਾਂ ਤੇ ਵੋਟਾਂ ਮੰਗੀਆਂ। ਖੈਰ ਮੈਂ ਬੱਸ ਲੈ ਕੇ ਅਮਰਨਾਥ ਯਾਤਰਾ ਤੇ ਗਿਆ ਉਥੇ ਫੌਜ ਦੀ ਨਿਗਰਾਨੀ ਹੇਠ ਯਾਤਰਾ ਚਲਦੀ ਹੈ। ਕੋਈ ਯਾਤਰਾ ਦੇ ਕਾਫਲੇ ਵਿੱਚ ਘੁਸਪੈਠ ਨਹੀਂ ਕਰ ਸਕਦਾ। ਪਹਿਲਗਾਮ ਜਾਂ ਬਾਰਾਮੂਲਾ ਦੋ ਜਗ੍ਹਾ ਹਨ ਜਿੱਥੇ ਤੱਕ ਬੱਸਾਂ ਜਾਂਦੀਆਂ ਹਨ। ਬਾਕੀ ਟ੍ਰੈਫਿਕ ਰੋਕ ਕੇ ਇਸ ਯਾਤਰਾ ਦੇ ਕਾਫਲੇ ਨੂੰ ਲੰਘਾਇਆ ਜਾਂਦਾ ਹੈ। ਬਹੁਤ ਲੋਕ ਪ੍ਰੇਸ਼ਾਨ ਵੀ ਹੁੰਦੇ ਹਨ। ਉਨ੍ਹਾਂ ਦਿਨਾਂ ਵਿੱਚ ਧਰਮ ਦਾ ਰੰਗ ਚੜ੍ਹਿਆ ਹੁੰਦਾ ਹੈ ਅਤੇ ਕਸ਼ਮੀਰੀ ਵੀ ਯਾਤਰੂਆਂ ਦੀ ਲੋੜ ਦਾ ਧਿਆਨ ਰੱਖਦਿਆਂ ਮੀਟ ਮੱਛੀ ਦੀਆਂ ਦੁਕਾਨਾਂ ਘੱਟ ਹੀ ਲਾਉਂਦੇ ਹਨ ਖਾਸ ਕਰ ਯਾਤਰਾ ਦੇ ਰਸਤੇ ਵਿੱਚ। ਅਸੀਂ ਸੱਤ ਅੱਠ ਦਿਨ ਬੱਸਾਂ ਕੋਲ਼ ਰਹੇ ਆਲੇ ਦੁਆਲੇ ਤੁਰ ਫਿਰ ਕੇ ਉਨ੍ਹਾਂ ਦੇ ਵਿਚਾਰ ਜਾਣਨ ਦਾ ਮੌਕਾ ਮਿਲਿਆ ਖ਼ੁਸ਼ ਸਨ ਕਿ ਰੋਜ਼ੀ ਰੋਟੀ ਵਧੀਆ ਢੰਗ ਨਾਲ ਚੱਲ ਰਹੀ ਹੈ ਪਰ ਕਈ ਵਾਰ ਪੁਲਿਸ ਜਾਂ ਫੌਜ ਵੱਲੋਂ ਨਜਾਇਜ਼ ਪ੍ਰੇਸ਼ਾਨ ਵੀ ਕੀਤਾ ਜਾਂਦਾ ਹੈ। ਉਨ੍ਹਾਂ ਕਸ਼ਮੀਰ ਦੇ ਵਸਨੀਕਾਂ ਦੀ ਜ਼ਿੰਦਗੀ ਪਹਾੜੀ ਇਲਾਕੇ ਹੋਣ ਕਾਰਨ ਸੈਲਾਨੀਆਂ ਦੀ ਆਮਦ ਨਾਲ ਜੁੜੀ ਹੈ। ਜਦੋਂ ਹਮਲੇ ਤੋਂ ਇੱਕ ਦੋ ਦਿਨ ਬਾਅਦ ਸੋਸ਼ਲ ਮੀਡੀਆ ਤੇ ਸ੍ਰੀ ਨਗਰ ਡੱਲ ਝੀਲ ਦੇ ਵਿੱਚ ਕਿਸ਼ਤੀਆਂ ਰਾਹੀਂ ਅਪਨੇ ਰੋਜ਼ੀ ਰੋਟੀ ਕਮਾਉਣ ਵਾਲੇ ਵਿਹਲੇ ਖੜ੍ਹੇ ਦੇਖੇ ਤਾਂ ਧਾਅ ਨਿਕਲ ਗਈ। ਅਜਿਹੀਆਂ ਕਿਹੜੀਆਂ ਤਾਕਤਾਂ ਹਨ ਜਿਹੜੀਆਂ ਜੰਮੂ ਕਸ਼ਮੀਰ ਜਾਂ ਪੰਜਾਬ ਦੇ ਲੋਕਾਂ ਨੂੰ ਸੁਖ ਦਾ ਸਾਹ ਨਹੀਂ ਲੈਣ ਦਿੰਦੀਆਂ। ਇੱਕ ਤੀਰ ਨਾਲ ਦੋ ਨਿਸ਼ਾਨੇ ਲਾਉਣ ਵਿੱਚ ਕਾਮਯਾਬ ਹੋ ਗਏ ਕਸ਼ਮੀਰ ਚੋ ਸੈਲਾਨੀ ਗ਼ਾਇਬ ਅਤੇ ਪੰਜਾਬ ਦੇ ਅਟਾਰੀ ਬਾਰਡਰ ਬੰਦ। ਮਹਾਰਾਸ਼ਟਰ ਦੀ ਬੰਦਰਗਾਹ ਤੇ ਅਡਾਨੀ ਪੋਰਟ ਰਾਹੀਂ ਵਪਾਰ ਚੱਲ ਰਿਹਾ ਹੈ ਕਿਉਂਕਿ ਮਿੱਤਰ ਪਿਆਰੇ ਨੂੰ ਘਾਟਾ ਨਹੀਂ ਪੈਣਾ ਚਾਹੀਦਾ। ਇਹ ਕਿਹੋ ਜਿਹਾ ਬੀਜ ਬੀਜਣਾ ਸ਼ੁਰੂ ਕੀਤਾ ਹੈ ਟੁਕੜਬੋਚਾਂ ਨੇ ਜਿਸ ਦਾ ਨਤੀਜਾ ਦੇਸ਼ ਨੂੰ ਲੈ ਡੁੱਬੇਗਾ। ਗੋਦੀ ਮੀਡੀਆ ਨੇ ਉਸ ਮੁਸਲਮਾਨ ਵੀਰ ਦੀ ਕੁਰਬਾਨੀ ਰੋਲ ਕੇ ਰੱਖ ਦਿੱਤੀ ਜਿਹੜਾ ਅਪਨੇ ਮਹਿਮਾਨ ਨੂੰ ਬਚਾਉਂਦਾ ਆਪ ਮਾਰਿਆ ਗਿਆ। ਉਸ ਮੁਸਲਮਾਨ ਘੋੜੇ ਵਾਲੇ ਵੀਰ ਦੇ ਘਰ ਕੋਈ ਲੀਡਰ ਵੀ ਨਹੀਂ ਪਹੁੰਚਿਆ। ਇੱਕ ਮੁਸਲਮਾਨ ਵੀਰ ਨੇ ਜਿਸ ਨੇਂ ਪਿੱਠ ਤੇ ਚੁੱਕ ਕੇ ਜ਼ਖਮੀਆਂ ਨੂੰ ਕੈਂਪ ਤੱਕ ਪਹੁੰਚਾਇਆ ਕੀ ਜ਼ਖ਼ਮੀ ਨੂੰ ਚੁੱਕਣ ਤੋਂ ਪਹਿਲਾਂ ਧਰਮ ਪੁੱਛਿਆ ਸੀ?ਟੈਕਸੀ ਚਾਲਕਾਂ ਨੇ,, ਉਥੋਂ ਦੇ ਵਸਨੀਕਾਂ ਨੇ ਅਪਨੇ ਵਿਤ ਅਨੁਸਾਰ ਹਰ ਸੈਲਾਨੀ ਨੂੰ ਸਹਿਯੋਗ ਦਿੱਤਾ। ਪਰ ਗੋਦੀ ਮੀਡੀਆ ਮੂੰਹ ਚੋਂ ਅੱਗ ਉਗਲਦਾ ਰਿਹਾ। ਉਨ੍ਹਾਂ ਸਵਾਲਾਂ ਦਾ ਜਵਾਬ ਕੌਣ ਦੇਵੇਗਾ ਜੰਮੂ ਕਸ਼ਮੀਰ ਵਿੱਚ 7 ਲੱਖ ਤੋਂ ਉੱਪਰ ਫ਼ੌਜੀ ਤੈਨਾਤ ਹਨ ਹਮਲੇ ਵੇਲੇ ਡੇਢ਼ ਘੰਟਾ ਕੋਈ ਵੀ ਨਹੀਂ ਪਹੁੰਚਿਆ। ਇੱਕ ਭੈਣ ਦੀ ਵੀਡੀਓ ਵਾਇਰਲ ਹੋਈ ਜਿਹੜੀ ਰੋਂਦੀ ਹੋਈ ਕਹਿ ਰਹੀ ਸੀ ਡੇਢ਼ ਘੰਟੇ ਤੱਕ ਮੇਰਾ ਭਰਾ ਜ਼ਖ਼ਮੀ ਤੜਫਦਾ ਰਿਹਾ ਕੋਈ ਸਰਕਾਰੀ ਮਦਦ ਨਹੀਂ ਪਹੁੰਚੀ *ਮੁਦਤੇ ਗੁਜਰੀ ਜੁਲਮ ਸਹਿਤੇ ਹੂਏ ਅਬ ਤੋ ਸ਼ਰਮ ਆਤੀ ਹੈ ਇਸ ਮੁਲਕ ਕੋ ਅਪਨਾ ਮੁਲਕ ਕਹਿਤੇ ਹੂਏ* ਦੋ ਹਜ਼ਾਰ ਦੇ ਕਰੀਬ ਸੈਲਾਨੀ ਹੋਣ ਤੇ ਸੁਰੱਖਿਆ ਲਈ ਕੋਈ ਵੀ ਮੌਜੂਦ ਨਾ ਹੋਵੇ ਫਿਰ ਤਾਂ ਸਵਾਲ ਖੜ੍ਹੇ ਹੁੰਦੇ ਹਨ। ਦੋ ਦਿਨ ਪਹਿਲਾਂ ਪ੍ਰਧਾਨ ਸੇਵਕ ਦਾ ਕਸ਼ਮੀਰ ਦਾ ਦੌਰਾ ਰੱਦ ਕਰਨ ਨੂੰ ਵੀ ਸ਼ੱਕ ਦੇ ਘੇਰੇ ਤੋਂ ਬਾਹਰ ਨਹੀਂ ਕੱਢਿਆ ਜਾ ਸਕਦਾ। ਜਦੋਂ ਪੰਜਾਬ ਸਾਈਡ ਤੋਂ ਲਖਨਪੁਰ ਬੈਰੀਅਰ ਤੇ ਐਨੀਂ ਸਖ਼ਤ ਚੈਕਿੰਗ ਹੋਵੇ। ਮੈਂ 2014 ਵਿੱਚ ਵੀ ਟੈਕਸੀ ਲੈਕੇ ਸ੍ਰੀ ਨਗਰ ਗਿਆ ਸੀ ਕੁੱਝ ਕਿਲੋਮੀਟਰ ਤੋਂ ਬਾਅਦ ਚੈਕਿੰਗ,, ਫਿਰ ਅਜਿਹੇ ਅਨਸਰ ,2019 ਵਿੱਚ ਪੁਲਵਾਮਾ ਹਮਲੇ ਵਿੱਚ ਵਰਤੀ ਗਈ ਆਰ ਡੀ ਐਕਸ ਵਾਲੀ ਗੱਡੀ ਇਨ੍ਹਾਂ ਚੈਕਿੰਗ ਵਾਲੇ ਜਵਾਨਾਂ ਤੋਂ ਕਿਵੇਂ ਬਚ ਗਈ? ਕਿਸੇ ਨੇ ਸੁਪਰੀਮ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਕਿ ਪਹਿਲਗਾਮ ਹਮਲੇ ਦੀ ਜਾਂਚ ਲਈ ਨਿਰਦੇਸ਼ ਦਿੱਤੇ ਜਾਣ। ਸੁਪਰੀਮ ਕੋਰਟ ਨੇ ਇਹ ਕਹਿ ਕੇ ਪਟੀਸ਼ਨ ਖ਼ਾਰਜ ਕਰ ਦਿੱਤੀ ਕਿ ਇਸ ਨਾਲ ਫੌਜ ਦਾ ਮਨੋਬਲ ਡਿਗਦਾ ਹੈ। ਜਦੋਂ 25 ਸਾਲਾਂ ਦੀ ਨੌਕਰੀ ਚਾਰ ਸਾਲਾਂ ਦੀ ਅਗਨੀ ਵੀਰ ਤੱਕ ਸੀਮਤ ਕੀਤੀ ਕਿ ਉਸ ਵੇਲੇ ਫੌਜ ਦਾ ਮਨੋਬਲ ਵਧਿਆ ਸੀ ਜਾਂ ਘਟਿਆ ਸੀ? ਸੁਪਰੀਮ ਕੋਰਟ ਤੋਂ ਵੀ ਆਮ ਜਨਤਾ ਦਾ ਵਿਸ਼ਵਾਸ ਉੱਠ ਰਿਹਾ ਹੈ। ਸੋ ਭਾਰਤ ਵਾਸੀਓ ਭੁੱਲ ਜਾਓ ਕਿ 22 ਅਪ੍ਰੈਲ ਨੂੰ ਮਾਰੇ ਗਏ ਲੋਕਾਂ ਨੂੰ ਇਨਸਾਫ਼ ਮਿਲ ਜਾਵੇਗਾ। ਪੁਲਵਾਮਾ ਹਮਲੇ ਦੀ ਜਾਂਚ ਨਹੀਂ ਹੋਈ ਅਤੇ ਜਾਂਚ ਇਸ ਹਮਲੇ ਦੀ ਵੀ ਨਹੀਂ ਹੋਣੀ। ਕਿਉਂਕਿ ਅਨਪੜ੍ਹ ਅੰਧ ਭਗਤਾਂ ਨੇ ਵੋਟਾਂ ਪਾ ਕੇ ਜਿਨ੍ਹਾਂ ਨੂੰ ਦੇਸ਼ ਦੀ ਵਾਗਡੋਰ ਸੰਭਾਲ ਦਿੱਤੀ ਉਨ੍ਹਾਂ ਸਿਰਫ਼ ਅਪਨੇ ਮਿਤਰਾਂ ਨੂੰ ਖੁਸ਼ ਰੱਖਣਾ ਹੈ। ਦੇਸ਼ ਦੀ ਜਨਤਾ ਜਾਵੇ ਢੱਠੇ ਖੂਹ ਵਿੱਚ। ਇਹ ਲੱਖ ਜਤਨ ਕਰ ਲੈਣ ਕੁੱਝ ਮੰਦਬੁੱਧੀ ਲੋਕਾਂ ਨੂੰ ਛੱਡ ਸਾਰੇ ਭਾਰਤੀ ਇੱਕ ਦੂਜੇ ਨਾਲ ਦੁਖ ਸੁਖ ਦੀ ਘੜੀ ਖੜ੍ਹੇ ਮਿਲਣਗੇ। ਇਨ੍ਹਾਂ ਦੇ ਮਨਸੂਬੇ ਕਾਮਯਾਬ ਨਹੀਂ ਹੋਣ ਦਿੱਤੇ ਜਾਣਗੇ। ਕਿਸੇ ਨੇ ਸਹੀ ਕਿਹਾ ਹੈ,, *ਜਿਧਰ ਵੀ ਦੇਖੋ ਹਵਸ ਕੇ ਜ਼ਲਾਦ ਬੈਠੇ ਹੈਂ, ਸੰਭਾਲ ਕੇ ਰੱਖੋ ਅਪਨੀ ਫੂਲ ਸੀ ਔਲਾਦ ਕੋ ਕਿਉਂਕਿ ਦੇਸ਼ ਕੇ ਚਲਾਣੇ ਵਾਲੇ ਬੇਔਲਾਦ ਬੈਠੇ ਹੈਂ।

**ਤੇਜਿੰਦਰ ਸਿੰਘ ਮਵੀ**
**9988941198**

# "ਸਾਡਾ ਸੱਭਿਆਚਾਰਕ ਪੇਂਡੂ ਰੁੱਖ: ਲਸੂੜਾ"

ਸਾਡੇ ਸੱਭਿਆਚਾਰ ਦੇ ਨਾਲ ਅਨੇਕਾਂ ਵਸਤੂਆਂ ਦਾ ਸੰਬੰਧ ਰਿਹਾ ਹੈ , ਉਨ੍ਹਾਂ ਵਿੱਚੋਂ ਇੱਕ ਹੈ : ਲਸੂੜੇ ਦਾ ਰੁੱਖ । ਲਸੂੜੇ ਦੇ ਰੁੱਖ ਦਾ ਜਿਕਰ ਸਾਡੇ ਦੈਨਿਕ ਜੀਵਨ ਅਤੇ ਲੋਕ ਗੀਤਾਂ ਵਿੱਚ ਵੀ ਰਿਹਾ ਹੈ । ਲਸੂੜੇ ਦੇ ਫਲ ਨੂੰ ਵੀ ਲਸੂੜਾ ਹੀ ਕਿਹਾ ਜਾਂਦਾ ਹੈ । ਇਸ ਨੂੰ ਲੱਗਣ ਵਾਲੇ ਕੱਚੇ ਹਰੇ ਰੰਗ ਦੇ ਫਲ ਤੋਂ ਲੋਕ ਅਕਸਰ ਆਚਾਰ ਬਣਾਉਂਦੇ ਹਨ । ਪੱਕਣ 'ਤੇ ਇਹ ਫਲ ਕਾਫੀ ਲੇਸਦਾਰ , ਚਿਪਚਿਪਾ ਤੇ ਗੂੰਦ ਵਰਗਾ ਹੋ ਜਾਂਦਾ ਹੈ , ਜਿਸ ਨੂੰ ਬੱਚੇ ਆਦਿ ਬੜੇ ਚਾਅ ਨਾਲ ਪਹਿਲਕੇ ਸਮਿਆਂ ਵਿੱਚ ਖਾਂਦੇ ਹੁੰਦੇ ਸਨ ਅਤੇ ਕਈ ਵਾਰ ਕਾਪੀਆਂ ਕਿਤਾਬਾਂ ਦੇ ਪੰਨੇ ਆਦਿ ਜੋੜਨ ਲਈ ਵੀ ਲਸੂੜੇ ਦੇ ਫਲ ਤੋਂ ਚਿਪਚਿਪੇ ਪਦਾਰਥ ਦੀ ਵਰਤੋਂ ਕਰ ਲਈ ਜਾਂਦੀ ਹੁੰਦੀ ਸੀ । ਇਸ ਦਾ ਦਰਖ਼ਤ ਨਹਿਰਾਂ ਤੇ ਦਰਿਆਵਾਂ ਦੇ ਕੰਢਿਆਂ, ਜੰਗਲਾਂ ,ਬੇਲਿਆਂ ਜਾਂ ਗੈਰ ਆਬਾਦ ਤੇ ਖਾਲੀ ਥਾਵਾਂ 'ਤੇ ਉੱਗਿਆ ਹੋਇਆ ਦੇਖਿਆ ਮਿਲਦਾ ਸੀ । ਲੋਕ ਘਰਾਂ ਵਿੱਚ ਲਸੂੜੇ ਦਾ ਦਰਖਤ ਲਗਾਉਣ ਤੋਂ ਗੁਰੇਜ਼ ਕਰਦੇ ਸਨ। ਲਸੂੜੇ ਦੇ ਦਰੱਖਤ ਦਾ ਆਕਾਰ ਦਰਮਿਆਨੇ ਦਰਜੇ ਦਾ ਹੁੰਦਾ ਹੈ। ਇਸ ਦਾ ਤਣਾ ਮਟਮੈਲਾ ਭੂਰੇ ਜਿਹੇ ਰੰਗ ਦਾ ਹੁੰਦਾ ਹੈ ਅਤੇ ਫਲ ਹਰੇ ਰੰਗ ਦੇ ਹੁੰਦੇ ਹਨ ਅਤੇ ਪੱਕ ਜਾਣ ਤੋਂ ਬਾਅਦ ਸਫੈਦ ਤੇ ਕੁਝ ਗੁਲਾਬੀ ਜਿਹੇ ਹੋ ਜਾਂਦੇ ਹਨ । ਲਸੂੜੇ ਦੇ ਦਰਖਤ ਦੀ ਲੱਕੜ ਤੋਂ ਫਰਨੀਚਰ ਆਦਿ ਦਾ ਸਾਮਾਨ ਬਣਾਉਣ ਤੋਂ ਵੀ ਗੁਰੇਜ਼ ਹੀ ਕੀਤਾ ਜਾਂਦਾ ਸੀ। ਇਸ ਦੇ ਸੁੱਕੇ ਹੋਏ ਦਰੱਖਤ ਨੂੰ ਬਾਲਣ ਵਜੋਂ ਲੋਕ ਵਰਤਦੇ ਸਨ । ਲਸੂੜੇ ਦੇ ਦਰੱਖਤ ਨੂੰ ਆਮ ਤੌਰ 'ਤੇ ਅਪ੍ਰੈਲ - ਮਈ ਦੇ ਮਹੀਨੇ ਦੌਰਾਨ ਫੁੱਲ - ਫਲ ਲੱਗਦੇ ਹਨ । ਕਈ ਵੈਦ, ਹਕੀਮ ਅਤੇ ਹੋਰ ਜਾਣਕਾਰ ਵਿਅਕਤੀ ਇਸ ਦਰੱਖਤ ਤੋਂ ਦਵਾਈਆਂ ਆਦਿ ਬਣਾਉਣ ਦਾ ਕੰਮ ਵੀ ਕਰਦੇ ਸਨ । ਲੱਗਭਗ ਨੌਵੇਂ



ਦਹਾਕੇ ਦੇ ਕਰੀਬ ਬੱਚੇ ਅਕਸਰ ਪੱਕੇ ਹੋਏ ਲਸੂੜੇ ਤੋੜ ਕੇ ਚਾਈਂ - ਚਾਈਂ ਖਾਂਦੇ ਹੁੰਦੇ ਸਨ । ਜੋ ਕਿ ਸਿਹਤ ਲਈ ਵੀ ਕਾਫੀ ਵਧੀਆ ਹੁੰਦੇ ਹਨ ।ਲਸੂੜੇ ਦੇ ਦਰਖ਼ਤ ਦੀ ਚਰਚਾ ਸਾਡੇ ਸੱਭਿਆਚਾਰ ਤੇ ਸਾਡੇ ਲੋਕ ਗੀਤਾਂ ਵਿੱਚ ਕੀਤੀ ਗਈ ਮਿਲਦੀ ਹੈ । ਪੁਰਾਣੇ ਸਮਿਆਂ ਵਿੱਚ ਜਦੋਂ ਪਿੰਡਾਂ ਵਿੱਚ ਲੋਕਾਂ ਨੇ ਬੱਕਰੀਆਂ ਆਦਿ ਰੱਖੀਆਂ ਹੋਈਆਂ ਹੁੰਦੀਆਂ ਸਨ , ਉਦੋਂ ਲਸੂੜੇ ਦੇ ਪੱਤੇ ਬੱਕਰੀਆਂ ਦੇ ਚਾਰੇ ਵਜੋਂ ਲੋਕ ਵਰਤ ਲਿਆ ਕਰਦੇ ਹੁੰਦੇ ਸਨ। ਇੱਕ ਅਖਾਣ ਵੀ ਹੈ : "ਲਸੂੜੇ ਵਾਂਗ ਚਿੰਬੜਨਾ" , ਭਾਵ ਜਦੋਂ ਕੋਈ ਵਿਅਕਤੀ ਕਿਸੇ ਗੱਲ ਕਰਕੇ ਕਿਸੇ ਦੂਜੇ ਵਿਅਕਤੀ ਦੇ ਪਿੱਛੇ ਹੀ ਪੈ ਜਾਵੇ , ਤਦ ਇਹ ਅਖਾਣ ਵਰਤਿਆ ਜਾਂਦਾ ਹੈ । ਅੱਜ ਕੱਲ੍ਹ ਗੈਰ - ਆਬਾਦ ਜ਼ਮੀਨਾਂ , ਚਰਾਂਦਾਂ , ਸ਼ਾਮਲਾਤਾਂ ਆਦਿ ਕਾਫ਼ੀ ਘੱਟ ਗਈਆਂ ਹਨ , ਆਬਾਦੀ ਵਧ ਗਈ ਹੈ ਅਤੇ ਖੇਤੀ ਨਹਿਰੀ ਜਾਂ ਖੂਹਾਂ ਦੇ ਪਾਣੀ 'ਤੇ ਨਿਰਭਰ ਹੋ ਗਈ ਹੈ। ਇਸ ਲਈ ਅੱਜ ਕੱਲ੍ਹ ਲਸੂੜੇ ਦਾ ਦਰੱਖਤ ਵੀ ਕਿਤੇ ਵਿਰਲਾ ਟਾਵਾਂ - ਟਾਵਾਂ ਹੀ ਨਜ਼ਰ ਆਉਂਦਾ ਹੈ ਅਤੇ ਲਸੂੜੇ ਦਾ ਆਚਾਰ ਤੇ ਪੱਕੇ ਹੋਏ ਲਸੂੜੇ ਖਾਣਾ ਸ਼ਾਇਦ ਬੀਤੇ ਦੀ ਬਾਤ ਹੋ ਗਏ ਹਨ । ਪਰ ਇਹ ਦਰੱਖਤ ਸਾਡੇ ਸੱਭਿਆਚਾਰ ਨਾਲ, ਸਾਡੀਆਂ ਯਾਦਾਂ ਨਾਲ , ਸਾਡੇ ਲੋਕ ਗੀਤਾਂ ਨਾਲ , ਸਾਡੀ ਪਛਾਣ ਨਾਲ ਤੇ ਸਾਡੇ ਆਚਾਰ - ਵਿਹਾਰ ਨਾਲ ਜੁੜਿਆ ਹੋਇਆ ਹੈ ਅਤੇ ਇਸ ਦੀ ਆਪਣੀ ਖਾਸ ਵਿਸ਼ੇਸ਼ਤਾ ਤੇ ਮਹੱਤਤਾ ਰਹੀ ਹੈ ।



**ਮਾਸਟਰ ਸੰਜੀਵ ਧਰਮਾਣੀ**
**ਸ੍ਰੀ ਅਨੰਦਪੁਰ ਸਾਹਿਬ**
**9478561356**

## 'ਜੰਗ ਨਾ ਲੱਗੇ'

ਜਦੋਂ ਕਦੇ ਵੀ ਜੰਗ ਲੱਗੇ,
ਬੜੇ ਨਿਰਦੋਸ਼ੇ ਮਾਰੇ ਜਾਂਦੇ ਨੇ।
ਜੋ ਦੁਸ਼ਮਣ ਦੇ ਹੱਥ ਆ ਜਾਂਦੇ
ਉਹ ਖ਼ੂਬ ਲਿਤਾੜੇ ਜਾਂਦੇ ਨੇ।
ਨਾ ਕੋਈ ਕਿਸੇ ਤੇ ਤਰਸ ਕਰੇ,,
ਬੇਅੰਤ ਘਰ ਉਜਾੜੇ ਜਾਂਦੇ ਨੇ।
'ਮੇਜਰ' ਦੁਆ ਕਰੋ ਜੰਗ ਨਾ ਲੱਗੇ,
ਲੋਕ ਤੜਫਦੇ ਨਾ ਸਹਾਰੇ ਜਾਂਦੇ ਨੇ।



**ਮੂਲ ਚੰਦ ਸ਼ਰਮਾ**
**ਪ੍ਰਧਾਨ, ਪੰਜਾਬੀ ਸਾਹਿਤ**
**ਸਭਾ ਧੂਰੀ ਜਿਲ੍ਹਾ ਸੰਗਰੂਰ।**
9914836037

## ਗਾਏ ਜਾਵਣਗੇ

ਖ਼ੂਨ ਦੇ ਸੋਹਲੇ ਰੱਜ ਕੇ ਗਾਏ ਜਾਵਣਗੇ,
ਲੋਥਾਂ ਨੂੰ ਹੁਣ ਮੁੜ ਸ਼ਿੰਗਾਰਿਆ ਜਾਵੇਗਾ।
ਹੱਸਦੇ,ਵੱਸਦੇ ਲੋਕ ਉਜਾੜੇ ਜਾਵਣਗੇ,
ਅਮਨ ਨੂੰ ਲਾਂਬੂ ਲਾ ਕੇ ਸਾੜਿਆ ਜਾਵੇਗਾ।
ਜ਼ਹਿਰਾਂ ਭਰੇ ਬਾਣ ਚਲਾਏ ਜਾਵਣਗੇ,
ਅਮਨ ਨੂੰ ਅੱਗ ਲਾ ਕੇ ਸਾੜਿਆ ਜਾਵੇਗਾ।
ਧਰਮ ਦੇ ਅੰਨ੍ਹੇ ਘੋੜੇ ਸਰਪਟ ਦੌੜਨਗੇ ,
ਮਾਨਵਤਾ ਨੂੰ ਮੁੜ ਦੁਰਕਾਰਿਆ ਜਾਵੇਗਾ।
ਦੇਸ਼  ਦੀ ਭਗਤੀ ਦੇ ਸੋਹਲੇ ਗਾਏ ਜਾਵਣਗੇ,
ਅਣਖਾਂ ਨੂੰ ਮੁੜ ਸਾਣ ਤੇ ਚਾੜ੍ਹਿਆ ਜਾਵੇਗਾ।
ਮੌਤ ਸੁਦਾਗਰ,ਦੁੱਖ ਦਾ ਦਾਰੂ ਵੰਡਣਗੇ,
ਡਰ , ਦਹਿਸ਼ਤ ਦਾ ਮਹਿਲ ਉਸਾਰਿਆ ਜਾਵੇਗਾ।
ਮੁੱਦਿਆਂ ਉੱਤੋ ਧਿਆਨ ਹਟਾਉਣਾ ਲਾਜ਼ਮੀ ਏ,
ਕਿਰਪਾਨ, ਤ੍ਰਿਸ਼ੂਲ  ਮੁੜ ਪੁਕਾਰਿਆਂ ਜਾਵੇਗਾ।
ਦੁੱਧ ਮਲਾਈਆਂ ਸਿਆਣੇ ਬਿੱਲੇ ਖਾਵਣਗੇ,
ਧੌਣ ਭੰਨਾਵਣ ਜੁੰਮਾ ਪੁਕਾਰਿਆ ਜਾਵੇਗਾ।
ਬੇਦੋਸ਼ੇ, ਮਜ਼ਲੂਮ ਸਜ਼ਾਵਾਂ ਪਾਵਣਗੇ,
ਅਸਲੀ ਦੋਸ਼ੀ ਗੋਦ ਬਿਠਾਇਆ ਜਾਵੇਗਾ।



**ਸਤਨਾਮ ਕੌਰ ਤੁਗਲਵਾਲਾ**

## ਸਲੇਟ ਫੱਟੀ

ਚੁੱਕ ਕੇ ਸਲੇਟ ਫੱਟੀ
ਲਿਖਦਾ ਪਹਾੜੇ ਹਾਂ
ਬਾਰ ਬਾਰ ਮੇਟ ਲਿਖਾਂ
ਮੁੱਢ ਤੋਂ ਹੀ ਸਾਰੇ ਹਾਂ
ਹਰ ਇੱਕ ਪਹਾੜਾ ਯਾਦ
ਕਰਨਾ ਹੈ ਜਚ ਕੇ
ਹੌਸਲਾ ਬੁਲੰਦ ਹੋਵੇ
ਮਾਸਟਰ ਥਾਪੀ ਦੇਵੇ ਭੱਜ ਕੇ
ਫਿਰ ਮੈਂ ਸਵਾਲ ਕੱਢਾਂ
ਜੋੜ ਘਟਾਉ, ਵੰਡ ਦੇ
ਆਇਆ ਨਾ ਜਵਾਬ ਕਿਤੇ
ਮਾਸਟਰ ਚੰਗੀ ਤਰਾਂ ਚੰਡਦੇ
ਇਕਾਈ ਦੁਹਾਈ ਸੈਂਕੜਾ ਕਹਿ
ਰਕਮਾਂ ਦੀ ਪਹਿਚਾਣ ਕਰਾਂ
ਲਿਖ ਕੇ ਸਲੇਟ ਉੱਤੇ
ਬਾਰ ਬਾਰ ਮਾਣ ਕਰਾਂ
ਕਰਕੇ ਅਤੀਤ ਯਾਦ  ਬੱਲੀ
 ਮਲਾਂ  ਮੈਂ  ਤਾਂ ਅੱਖੀਆਂ
ਦਿਲ ਦੇ ਕੋਨੇ  ਦੇ ਵਿੱਚ
ਯਾਦਾਂ ਸਾਂਭ ਰੱਖੀਆਂ



**ਬੱਲੀ ਈਲਵਾਲ**

## ਜ਼ਿੰਦਗੀ ਜ਼ਿੰਦਾਬਾਦ

ਹਰ ਰੰਗ ਜ਼ਿੰਦਗੀ ਦੇ ਵਿੱਚ,,
ਹੋਣਾ ਚਾਹੀਦਾ ਹੈ ਬਹੁਤ ਜ਼ਰੂਰੀ॥

ਛੋਟੀਆਂ ਛੋਟੀਆਂ ਗੱਲਾਂ ਤੋਂ,,
ਦਿਲਾਂ ਵਿੱਚ ਪੈ ਜਾਂਦੀ ਹੈ ਦੂਰੀ॥

ਕਦੇ ਕਦੇ ਸਮਝ ਲੈਣੀ ਚਾਹੀਦੀ ਹੈ,,
ਕਿਸੇ ਆਪਣੇ ਦੀ ਵੀ ਮਜ਼ਬੂਰੀ॥

*ਸਿੱਧੂਆਂ* ਐਵੇਂ ਕਿਸੇ ਦੇ ਥੱਲੇ ਲੱਗ ਕੇ,,
ਕਰਨੀ ਚਾਹੀਦੀ ਨਹੀਂ  ਜੀ ਹਜ਼ੂਰੀ॥



**ਗੁਰਜਿੰਦਰ ਸਿੰਘ ਸਿੱਧੂ**
**ਪਿੰਡ ਖਿੱਚੀਆਂ**
**ਜ਼ਿਲਾ ਗੁਰਦਾਸਪੁਰ**
**ਫ਼ੋਨ 062393 31711**

## ਕਣਕਾਂ ਸੋਨੇ ਰੰਗੀਆਂ

ਸ਼ੀਰੀਂ ਵੀ ਅੱਜ ਲੁਡੀਆ ਪਾਉਂਦਾ
ਨੱਚਦਾ ਟੱਪਦਾ ਭੰਗੜਾ ਪਾਉਂਦਾ
ਸੁੱਖੀ ਸਾਂਦੀ ਘਰੀਂ ਆਵਣ ਦਾਣੇ
ਦੂਰ ਕਰਾਂਗੇ ਤੰਗੀਆਂ ਨੂੰ
ਰੱਬਾ  ਲੱਗ ਨਜ਼ਰ ਨਾ ਜਾਵੇ
ਕਣਕਾਂ ਸੋਨੇ ਰੰਗੀਆਂ ਨੂੰ
ਖੇਤਾਂ ਦੇ ਵਿੱਚ ਲੱਗੀਆਂ ਰੌਣਕਾਂ
ਚੱਕ ਲਈਆ ਨੇ ਪੱਲੀਆਂ
ਲੈ ਕੇ ਨਾਲ ਜਵਾਕ ਔਰਤਾਂ ਟੋਲਣ
ਵਾਸਤੇ ਬੱਲੀਆਂ
ਸੁਨਿਆਰੇ ਤੋਂ ਛੁਡਵਾਉਣਾ ਗਿਰਵੀ
ਰੱਖੀਆਂ ਡੰਡੀਆਂ ਨੂੰ
ਰੱਬਾ ਲੱਗ ਨਜ਼ਰ ਨਾ ਜਾਵੇ
ਕਣਕਾਂ ਸੋਨੇ ਰੰਗੀਆਂ ਨੂੰ
ਜਿਮੀਦਾਰ ਵੀ ਸੋਚੇ ਕਰਜ਼ਾ ਆੜਤੀਆਂ ਦਾ ਮੋੜਾਂ
ਅੱਗੇ ਤੋਂ ਵੀ ਪੈਂਦੀਆਂ ਰਹਿੰਦੀਆਂ
ਸਾਹਾਂ ਦੇ ਤਾਈਂ ਲੋੜਾਂ
ਬਿਨ ਮੰਗਿਆਂ ਹੀ ਮਿਲਦਾ ਸਭ
ਕੁਝ ਨੀਤਾਂ ਚੰਗੀਆਂ ਨੂੰ
ਰੱਬਾ ਲੱਗ ਨਜ਼ਰ ਨਾ ਜਾਵੇ
ਕਣਕਾਂ ਸੋਨੇ ਰੰਗੀਆਂ ਨੂੰ
ਫੜ ਸਾਫ ਹੁਣ ਕਰ ਲਏ ਨੇ ਰਲਕੇ
ਮਜ਼ਦੂਰਾਂ ਨੇ
ਖ਼ੁਸ਼ੀਆਂ ਦੇ ਵਿੱਚ ਝੂਮਦੇ ਤੇ ਅੱਜ
ਜੋਸ਼ ਵੀ ਪੂਰਾ ਏ
ਗੁਰਮੀਤ ਰੱਖ ਮੋਢੇ ਤੇ ਪਰਨੇ ਪੱਲੇਦਾਰ ਤੁਰ ਪਏ ਮੰਡੀਆਂ ਨੂੰ
ਰੱਬਾ ਲੱਗ ਨਜ਼ਰ ਨਾ ਜਾਵੇ
ਕਣਕਾਂ ਸੋਨੇ ਰੰਗੀਆਂ ਨੂੰ



**ਗੁਰਮੀਤ ਡੁਮਾਣਾ (ਲੋਹੀਆਂ ਖਾਸ) ਜਲੰਧਰ**
**74528 16074**




# ਕੌਫ਼ੀ ਵਿਦ ਡਾਕਟਰ ਅਵਨੀਤ ਗਰਗ

ਮੇਰੀ ਅੱਜ ਦੀ ਕੌਫ਼ੀ ਦੇ ਮਹਿਮਾਨ ਆਦੇਸ਼ ਮੈਡੀਕਲ ਯੂਨੀਵਰਸਿਟੀ ਦੇ ਛਾਤੀ ਦੇ ਰੋਗਾਂ ਦੇ ਮਾਹਿਰ ਸੁਪਰ ਸਪੈਸ਼ਲਿਸਟ ਡਾਕਟਰ ਅਵਨੀਤ ਗਰਗ ਸਨ। ਡਾਕਟਰ ਅਵਨੀਤ ਗਰਗ ਪਿਛਲੇ ਕੁਝ ਕੁ ਸਾਲਾਂ ਤੋਂ ਇਥੇ ਆਪਣੀਆਂ ਸੇਵਾਵਾਂ ਦੇ ਰਹੇ ਹਨ ਅਤੇ ਇਸ ਥੋੜੇ ਸਮੇਂ ਵਿੱਚ ਹੀ ਇਹ੍ਹਨਾਂ ਨੇ ਬਹੁਤ ਨਾਮ ਕਮਾਇਆ ਹੈ। ਜਿਸ ਕਰਕੇ ਹੀ ਡਾਕਟਰ ਸਾਹਿਬ ਦੀ ਓ ਪੀ ਡੀ ਸੌ ਦੇ ਅੰਕੜੇ ਦੇ ਕਰੀਬ ਹੁੰਦੀ ਹੈ। ਡਾਕਟਰ ਸਾਹਿਬ ਏਮਜ਼ ਦਿੱਲੀ ਦੇ ਸਿਖਾਂਦਰੂ ਰਹੇ ਹਨ। ਜਿੱਥੇ ਇਹ੍ਹਨਾਂ ਨੂੰ ਸਿਰਫ ਮਰੀਜ਼ ਦਾ ਇਲਾਜ ਕਰਨਾ ਹੀ ਸਿਖਾਇਆ ਜਾਂਦਾ ਹੈ ਪੈਸੇ ਕਮਾਉਣਾ ਨਹੀਂ। ਏਮਜ਼ ਵਿੱਚ ਤਕਰੀਬਨ ਸਾਰੇ ਡਾਕਟਰ ਹੀ ਪੜ੍ਹਾਈ ਅਤੇ ਤਜੁਰਬੇ ਪੱਖੋਂ ਸੁਪਰ ਸਪੈਸ਼ਲਿਸਟ ਹੁੰਦੇ ਹਨ ਉਹ ਡਾਕਟਰੀ ਨੂੰ ਸੇਵਾ ਵੱਜੋਂ ਲੈਂਦੇ ਹਨ ਅਤੇ ਮਰੀਜ਼ ਨੂੰ ਸਮਰਪਿਤ ਹੁੰਦੇ ਹਨ। ਉਥੇ ਸਾਰਾ ਇਲਾਜ ਫ੍ਰੀ ਹੁੰਦਾ ਹੈ ਤੇ ਮਰੀਜ਼ ਨੂੰ ਨਵੀਂ ਜਿੰਦਗੀ ਦੇਣਾ ਡਾਕਟਰ ਆਪਣਾ ਫਰਜ਼ ਸਮਝਦੇ ਹਨ।

ਡਾਕਟਰ ਸਾਹਿਬ ਨੇ ਦੱਸਿਆ ਕਿ ਮਾਲਵਾ ਖੇਤਰ ਦੇ ਇਹ੍ਹਨਾਂ ਪਿੱਛੜੇ ਜ਼ਿਲ੍ਹਿਆਂ ਬਠਿੰਡਾ ਅਤੇ ਮਾਨਸਾ ਨੂੰ ਡਾਕਟਰੀ ਦੀਆਂ ਆਧੁਨਿਕ ਸੇਵਾਵਾਂ ਪ੍ਰਦਾਨ ਕਰਨ ਦੀ ਪ੍ਰੇਰਨਾ ਇਹ੍ਹਨਾਂ ਨੂੰ ਆਪਣੇ ਅਧਿਆਪਕ ਪਾਪਾ ਜੀ ਤੋਂ ਮਿਲੀ। ਉਹ ਆਪਣੇ ਇਲਾਕੇ ਪ੍ਰਤੀ ਸਮਰਪਿਤ ਹਨ। ਇਸ ਲਈ ਡਾਕਟਰ ਸਾਹਿਬ ਆਪਣੀ ਮੌਜੂਦਾ ਕਾਰਜਖੇਤਰ ਤੋਂ ਸੰਤੁਸ਼ਟ ਹਨ। ਉਹਨਾਂ ਨੇ ਇਹ ਵੀ ਦੱਸਿਆ ਕਿ ਆਦੇਸ਼ ਯੂਨੀਵਰਸਿਟੀ ਦੇ ਪ੍ਰਬੰਧਕਾਂ ਨੇ ਇਲਾਜ ਲਈ ਮਾਡਰਨ ਮਸ਼ੀਨਾਂ ਅਤੇ ਹੋਰ ਸਮਾਨ ਮੁਹਾਈਆਂ ਕਰਾਉਣ ਲਈ ਕਦੇ ਵਿੱਤੀ ਖਰਚਿਆਂ ਦੀ ਪਰਵਾਹ ਨਹੀਂ ਕੀਤੀ। ਇਸੇ ਕਰਕੇ ਹੀ ਉਹ ਆਪਣੇ ਖੇਤਰ ਦੇ ਮਰੀਜ਼ਾਂ ਨੂੰ ਬੇਹਤਰੀਨ ਸੇਵਾਵਾਂ ਦੇਣ ਵਿੱਚ ਸਫਲ ਹੋਏ ਹਨ। ਆਮ ਕਰਕੇ ਪ੍ਰਾਈਵੇਟ ਅਦਾਰਿਆਂ



ਦੇ ਮੁਲਾਜ਼ਮ ਪ੍ਰਬੰਧਕੀ ਨੀਤੀਆਂ ਅਤੇ ਬੇਲੋੜੀ ਦਖਲ ਅੰਦਾਜ਼ੀ ਤੋਂ ਪ੍ਰੇਸ਼ਾਨ ਹੁੰਦੇ ਹਨ। ਪਰ ਇੱਥੇ ਉਹ ਗੱਲ ਨਹੀਂ ਹੈ। ਜਿਵੇ ਕਿ ਆਮ ਚਰਚਾ ਹੁੰਦੀ ਹੈ ਕਿ ਇਹ੍ਹਨਾਂ ਨਿੱਜੀ ਅਦਾਰਿਆਂ ਵਿੱਚ ਡਾਕਟਰ ਸਾਹਿਬ-ਾਨ ਨੂੰ ਟਾਰਗੇਟ ਦਿੱਤੇ ਜਾਂਦੇ ਹਨ ਪਰ ਅੱਜ ਤੱਕ ਉਹਨਾਂ ਨੇ ਇਹ ਨਹੀਂ ਵੇਖਿਆ ਤੇ ਨਾ ਸੁਣਿਆ ਹੈ।

ਡਾਕਟਰ ਸਾਹਿਬ ਨੇ ਇਹ ਵੀ ਦੱਸਿਆ ਕਿ ਉਹ ਇਸੇ ਇਲਾਕੇ ਨਾਲ ਸਬੰਧਿਤ ਹੋਣ ਕਰਕੇ ਮਰੀਜਾਂ ਨੂੰ ਬਹੁਤ ਨਜ਼ਦੀਕ ਤੋਂ ਜਾਣਦੇ ਅਤੇ ਸਮਝਦੇ ਹਨ। ਉਹ ਮਰੀਜ਼ ਦੀ ਬੋਲੀ ਭਾਸ਼ਾ ਅਤੇ ਹਾਲਾਤ ਤੋਂ ਜਾਣੂ ਹੁੰਦੇ ਹਨ। ਇਸੇ ਲਈ ਹੀ ਉਹ ਹਰ ਮਰੀਜ਼ ਨੂੰ ਖੁੱਲ੍ਹਾਂ ਸਮਾਂ ਦਿੰਦੇ ਹਨ ਅਤੇ ਉਹਨਾਂ ਦੀ ਹਰ ਤਕਲੀਫ ਸੁਣਦੇ ਹਨ। ਉਹ ਕਦੇ ਮਰੀਜ਼ ਨਿਪਟਾਉਣ ਦੀ ਕਾਹਲੀ ਨਹੀਂ ਕਰਦੇ। ਬਹੁਤੇ ਵਾਰੀ ਮਰੀਜ਼ ਉਹਨਾਂ ਨੂੰ ਆਪਣੇ ਜਾਂ ਆਪਣੇ ਵਿਚੋਂ ਹੀ ਲੱਗਦੇ ਹਨ। ਡਾਕਟਰ ਸਾਹਿਬ ਨੂੰ ਆਪਣੇ ਮਰੀਜਾਂ ਦੇ ਇਲਾਜ ਲਈ ਕਈ ਤਰ੍ਹਾਂ ਦੀ ਸਰਜਰੀ ਵੀ ਕਰਨੀ ਪੈਂਦੀ ਹੈ। ਜਿਸ ਲਈ ਇਹ੍ਹਨਾਂ ਦੇ ਵਿਭਾਗ ਦਾ ਆਪਣਾ ਅਲੱਗ ਤੋਂ ਓ ਟੀ ਹੈ।

ਡਾਕਟਰ ਅਵਨੀਤ ਜੀ ਦੇ ਹਮਸਫਰ ਵੀ ਇਸੇ ਯੂਨੀਵਰਸਿਟੀ ਵਿੱਚ ਹੀ ਰੇਡਿਆਲੋਜਿਸਟ ਹਨ। ਇਸ ਡਾਕਟਰ ਜੋੜੀ ਦੀਆਂ ਪਰੀਸ਼ਾ ਅਤੇ ਨਵੀਰਾ ਨਾਮਕ ਦੋ ਬੇਟੀਆਂ ਹਨ। ਡਾਕਟਰ ਸਾਹਿਬ ਆਪਣੇ ਪਰਿਵਾਰ ਤੋਂ ਬਹੁਤ ਖੁਸ਼ ਹਨ ਅਤੇ ਇਸ ਵਿੱਚ ਮਾਣ ਮਹਿਸੂਸ ਕਰਦੇ ਹਨ। ਡਾਕਟਰ ਸਾਹਿਬ ਦੀ ਬੇਟੀਆਂ ਪ੍ਰਤੀ ਸੋਚ ਸਮਾਜ ਨੂੰ ਇੱਕ ਚੰਗਾ ਸੁਨੇਹਾ ਦਿੰਦੀ ਹੈ। ਮੈਂ ਅੱਜ ਦੇ ਯੁੱਗ ਨੂੰ ਬੇਟੀਆਂ ਦਾ ਯੁੱਗ ਮੰਨਦਾ ਹੈ ਤੇ ਇਸੀ ਸਾਕ-ਾਰਾਤਮਿਕ ਸੋਚ ਨਾਲ ਹੀ ਦਿਨੋਂ ਦਿਨ ਬਿਗੜਦਾ ਹੋਇਆ ਲਿੰਗ ਅਨੁਪਾਤ ਹੁਣ ਠੀਕ ਦਿਸ਼ਾ ਵੱਲ ਜਾ ਰਿਹਾ ਹੈ। ਮੈਨੂੰ ਰਿਸ਼ਤਿਆਂ ਪ੍ਰਤੀ ਡਾ ਅਵਨੀਤ ਗਰਗ ਦੀ ਸੋਚ ਬਹੁਤ ਵਧੀਆ ਲੱਗੀ। ਰਿਸ਼ਤਿਆਂ ਦਾ ਜੀਵਨ ਵਿੱਚ ਇੱਕ ਅਲੱਗ ਸਥਾਨ ਹੈ। ਇਨਸਾਨ ਦਾ ਮਾਇਆ ਪ੍ਰਤੀ ਅੰਨ੍ਹਾ ਮੋਹ ਖਤਰਨਾਕ ਹੈ ਇਹ ਇਨਸਾਨੀਅਤ ਲਈ ਖਤਰਾ ਹੈ। ਡਾਕਟਰ ਸਾਹਿਬ ਔਲਾਦ ਦੇ ਮਾਪਿਆਂ ਪ੍ਰਤੀ ਫਰਜ਼ ਦੀ ਤਾਈਦ ਕਰਦੇ ਹਨ। ਜੈਨਰੇਸ਼ਨ ਗੈਪ ਨੂੰ ਵੀ ਮੰਨਦੇ ਹਨ।

ਇਸ ਤੋਂ ਇਲਾਵਾ ਕੌਫ਼ੀ ਦੇ ਕੱਪ ਤੇ ਸਿਆਸੀ ਧਾਰਮਿਕ ਅਤੇ ਸਮਾਜਿਕ ਮੁੱਦਿਆਂ ਤੇ ਵੀ ਖੁੱਲ੍ਹਕੇ ਚਰਚਾ ਹੋਈ। ਪੰਜਾਬੀ ਵਿਰਸੇ ਅਨੁਸਾਰ ਆਏ ਹੋਏ ਮਹਿਮਾਨ ਨੂੰ ਮੈਂ ਆਪਣਾ 'ਕਰੇਲਿਆਂ ਵਾਲੀ ਅੰਟੀ' ਨਾਮਕ ਕਹਾਣੀ ਸੰਗ੍ਰਹਿ ਦੇਕੇ ਵਿਦਾ ਕੀਤਾ। ਡਾਕਟਰ ਸਾਹਿਬ ਨੇ ਦੂਜੀ ਵਾਰੀ ਪਰਿਵਾਰ ਸਮੇਤ ਕੌਫ਼ੀ ਤੇ ਆਉਣ ਦਾ ਵਾਅਦਾ ਕੀਤਾ। ਇਥੇ ਆਕੇ ਹੀ ਡਾਕਟਰ ਸਾਹਿਬ ਨੂੰ ਪਤਾ ਲੱਗਿਆ ਕਿ #114ਸ਼ੀਸ਼ਮਹਿਲ ਇੱਕ ਕਲੋਨੀ ਹੈ ਨਾ ਕਿ ਕੈਫ਼ੇ।

**ਰਮੇਸ਼ ਸੇਠੀ ਬਾਦਲ**
**9876627233**

# ਜੰਗ ਕੋਈ ਖੇਡ ਨਹੀਂ: ਸੋਸ਼ਲ ਮੀਡੀਆ ਅਤੇ ਟੀਵੀ 'ਤੇ ਭੜਕਾਊ ਰੁਝਾਨ ਕਿਉਂ?

ਪਿਛਲੇ ਦਿਨੀਂ ਪਹਿਲਗਾਮ ਵਿੱਚ ਵਾਪਰੀ ਮੰਦਭਾਗੀ ਘਟਨਾ ਤੋਂ ਬਾਅਦ ਭਾਰਤ ਅਤੇ ਪਾਕਿ-ਸਤਾਨ ਦੇ ਵਿਚਕਾਰ ਤਣਾਅ ਕਾਫ਼ੀ ਵੱਧ ਗਿਆ ਹੈ। ਸਰਹੱਦਾਂ 'ਤੇ ਸੁਰੱਖਿਆ ਵਧਾ ਦਿੱਤੀ ਗਈ ਹੈ ਅਤੇ ਦੋਵੇਂ ਦੇਸ਼ ਇੱਕ ਦੂਜੇ 'ਤੇ ਦੋਸ਼ ਲਗਾ ਰਹੇ ਹਨ। ਅਜਿਹੇ ਸੰਵੇਦਨਸ਼ੀਲ ਸਮੇਂ ਵਿੱਚ, ਜਦੋਂ ਜੰਗ ਵਰਗਾ ਮਾਹੌਲ ਬਣਿਆ ਹੋਇਆ ਹੈ, ਇਹ ਵੇਖ ਕੇ ਹੈਰਾਨੀ ਹੁੰਦੀ ਹੈ ਕਿ ਸੋਸ਼ਲ ਮੀਡੀਆ 'ਤੇ ਦੋਵਾਂ ਦੇਸ਼ਾਂ ਦੇ ਕੁਝ ਲੋਕ ਇਸ ਸਥਿਤੀ ਨੂੰ ਮਜ਼ਾਕ ਬਣਾ ਰਹੇ ਹਨ। ਇਸ ਤੋਂ ਵੀ ਵੱਧ ਚਿੰਤਾ ਦੀ ਗੱਲ ਇਹ ਹੈ ਕਿ ਕੁਝ ਟੀ ਵੀ ਨਿਊਜ਼ ਚੈਨਲ ਵੀ ਭੜਕਾਊ ਅਤੇ ਡਰਾਊਣ ਵਾਲੀਆਂ ਖਬਰਾਂ ਦਿਖਾ ਰਹੇ ਹਨ, ਜਿਸ ਨਾਲ ਲੋਕਾਂ ਵਿੱਚ ਹੋਰ ਵੀ ਡਰ ਅਤੇ ਗੁੱਸੇ ਦਾ ਮਾਹੌਲ ਪੈਦਾ ਹੋ ਰਿਹਾ ਹੈ।ਇਹ ਸੱਚਮੁੱਚ ਹੀ ਦੁਖਦਾਈ ਗੱਲ ਹੈ ਕਿ ਕੁਝ ਲੋਕ ਜੰਗ ਵਰਗੀ ਗੰਭੀਰ ਸਥਿਤੀ ਦੀ ਸੰਵੇਦਨਸ਼ੀਲਤਾ ਨੂੰ ਨਹੀਂ ਸਮਝ ਰਹੇ। ਉਨ੍ਹਾਂ ਨੂੰ ਸ਼ਾਇਦ ਇਸ ਗੱਲ ਦਾ ਅਹਿਸਾਸ ਨਹੀਂ ਹੈ ਕਿ ਜੰਗ ਕੋਈ ਹਾਸੀ ਖੇਡ ਨਹੀਂ ਹੈ। ਜੰਗ ਆਪਣੇ ਨਾਲ ਤਬਾਹੀ, ਮੌਤਾਂ ਅਤੇ ਬੇਘਰ ਹੋਣ ਵਰਗੇ ਭਿਆਨਕ ਨਤੀਜੇ ਲੈ ਕੇ ਆਉਂਦੀ ਹੈ। ਇਸ ਦਾ ਸਭ ਤੋਂ ਵੱਧ ਨੁਕਸਾਨ ਦੋਵਾਂ ਦੇਸ਼ਾਂ ਦੇ ਆਮ ਨਾਗਰਿਕਾਂ ਨੂੰ ਝੱਲਣਾ ਪੈਂਦਾ ਹੈ।

ਜੰਗ ਵਿੱਚ ਸਿਰਫ਼ ਸਰਹੱਦਾਂ 'ਤੇ ਲੜ ਰਹੇ ਸੈਨਿਕ ਹੀ ਨਹੀਂ ਮਰਦੇ, ਸਗੋਂ ਬੇਕਸੂਰ ਲੋਕ ਵੀ ਇਸ ਦੀ ਭੇਟ ਚੜ੍ਹਦੇ ਹਨ। ਪਰਿਵਾਰ ਉੱਜੜ ਜਾਂਦੇ ਹਨ, ਬੱਚੇ ਯਤੀਮ ਹੋ ਜਾਂਦੇ ਹਨ ਅਤੇ ਬਜ਼ੁਰਗ ਬੇਸਹਾਰਾ ਹੋ ਜਾਂਦੇ ਹਨ। ਜੰਗ ਨਾਲ ਦੇਸ਼ ਦੀ ਆਰਥਿਕਤਾ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦੀ ਹੈ। ਵਿਕਾਸ ਦੇ ਕੰਮ ਰੁਕ ਜਾਂਦੇ ਹਨ ਅਤੇ ਗਰੀਬੀ ਹੋਰ ਵਧ ਜਾਂਦੀ ਹੈ। ਸੋਸ਼ਲ ਮੀਡੀਆ ਇੱਕ ਅਜਿਹਾ ਪਲੇਟਫਾਰਮ ਹੈ ਜਿੱਥੇ ਲੋਕ ਆਪਣੀ ਰਾਏ ਜ਼ਾਹਰ ਕਰ ਸਕਦੇ ਹਨ। ਪਰ ਇਸ ਦਾ ਇਹ ਮਤਲਬ ਨਹੀਂ ਕਿ ਕਿਸੇ ਵੀ ਗੰਭੀਰ ਮੁੱਦੇ ਦਾ ਮਜ਼ਾਕ ਉਡਾਇਆ ਜਾਵੇ। ਖਾਸ ਕਰਕੇ ਜਦੋਂ ਗੱਲ ਦੋ ਦੇਸ਼ਾਂ ਦੇ ਸੰਬੰਧਾਂ ਅਤੇ ਸੰਭਾਵਿਤ ਜੰਗ ਦੀ ਹੋਵੇ, ਤਾਂ



ਸਾਨੂੰ ਬਹੁਤ ਜ਼ਿਆਦਾ ਜ਼ਿੰਮੇਵਾਰੀ ਨਾਲ ਆਪਣੀ ਗੱਲ ਰੱਖਣੀ ਚਾਹੀਦੀ ਹੈ। ਇਸ ਦੇ ਨਾਲ ਹੀ, ਟੀ ਵੀ ਚੈਨਲਾਂ ਨੂੰ ਵੀ ਸੰਜਮ ਤੋਂ ਕੰਮ ਲੈਣਾ ਚਾਹੀਦਾ ਹੈ ਅਤੇ ਅਜਿਹੀਆਂ ਖਬਰਾਂ ਦਿਖਾਉਣ ਤੋਂ ਬਚਣਾ ਚਾਹੀਦਾ ਹੈ ਜੋ ਲੋਕਾਂ ਵਿੱਚ ਡਰ ਅਤੇ ਭੜਕਾਹਟ ਪੈਦਾ ਕਰਨ। ਉਨ੍ਹਾਂ ਨੂੰ ਸਹੀ ਅਤੇ ਸੰਤੁਲਿਤ ਜਾਣਕਾਰੀ ਦੇਣ 'ਤੇ ਧਿਆਨ ਦੇਣਾ ਚਾਹੀਦਾ ਹੈ। ਸਾਨੂੰ ਇਹ ਸਮਝਣਾ ਹੋਵੇਗਾ ਕਿ ਭਾਰਤ ਅਤੇ ਪਾਕਿਸਤਾਨ ਦੋਵੇਂ ਹੀ ਗੁਆਂਢੀ ਦੇਸ਼ ਹਨ। ਸਾਨੂੰ ਆਪਸੀ ਸਹਿਯੋਗ ਅਤੇ ਸ਼ਾਂਤੀ ਨਾਲ ਰਹਿਣ ਦੀ ਲੋੜ ਹੈ। ਜੰਗ ਕਿਸੇ ਵੀ ਸਮੱਸਿਆ ਦਾ ਹੱਲ ਨਹੀਂ ਹੈ। ਇਸ ਨਾਲ ਸਿਰਫ਼ ਦੁੱਖ ਅਤੇ ਤਬਾਹੀ ਹੀ ਆਉਂਦੀ ਹੈ। ਸੋਸ਼ਲ ਮੀਡੀਆ 'ਤੇ ਮਜ਼ਾਕ ਉਡਾਉਣ ਵਾਲੇ ਲੋਕਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਉਨ੍ਹਾਂ ਦੀ ਇਸ ਬੇਸਮਝੀ ਭਰੀ ਹਰਕਤ ਨਾਲ ਦੋਵਾਂ ਦੇਸ਼ਾਂ ਦੇ ਉਨ੍ਹਾਂ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚ ਸਕਦੀ ਹੈ ਜੋ ਪਹਿਲਾਂ ਹੀ ਤਣਾਅ ਅਤੇ ਡਰ ਦੇ ਮਾਹੌਲ ਵਿੱਚ ਜੀ ਰਹੇ ਹਨ। ਇਸ ਲਈ, ਇਹ ਬਹੁਤ ਜ਼ਰੂਰੀ ਹੈ ਕਿ ਅਸੀਂ ਸਾਰੇ ਜ਼ਿੰਮੇਵਾਰੀ ਨਾਲ ਵਿਵਹਾਰ ਕਰੀਏ ਅਤੇ ਅਜਿਹੇ ਕਿਸੇ ਵੀ ਕੰਮ ਤੋਂ ਬਚੀਏ ਜੋ ਦੋਵਾਂ ਦੇਸ਼ਾਂ ਦੇ ਵਿਚਕ-ਾਰ ਤਣਾਅ ਨੂੰ ਹੋਰ ਵਧਾ ਸਕਦਾ ਹੈ। ਸਾਨੂੰ ਸ਼ਾਂਤੀ ਅਤੇ ਸਦਭਾਵਨਾ ਨੂੰ ਬਣਾਈ ਰੱਖਣ ਲਈ ਹਰ ਸੰਭਵ ਕੋਸ਼ਿਸ਼ ਕਰਨੀ ਚਾਹੀਦੀ ਹੈ। ਯਾਦ ਰੱਖੋ, ਜੰਗ ਕਿਸੇ ਲਈ ਵੀ ਲਾਭਦਾਇਕ ਨਹੀਂ ਹੁੰਦੀ, ਇਸ ਨਾਲ ਸਿਰਫ਼ ਤੇ ਸਿਰਫ਼ ਨੁਕਸਾਨ ਹੀ ਹੁੰਦਾ ਹੈ।



**ਚਾਨਣਦੀਪ ਸਿੰਘ ਔਲਖ,**
**ਪਿੰਡ ਗੁਰਨੇ ਖ਼ੁਰਦ**
**(ਮਾਨਸਾ), ਸੰਪਰਕ**
**9876888177**

# ਕਾਰਲ ਮਾਰਕਸ ਦੇ 207ਵੇਂ ਜਨਮ ਦਿਵਸ ਸਮਾਗਮ 'ਚ ਮਾਰਕਸਵਾਦ ਦੀ ਪ੍ਰਸੰਗਕਤਾ ਅਤੇ ਫਾਸ਼ੀਵਾਦ 'ਤੇ ਵਿਚਾਰ-ਚਰਚਾ

**ਜਲੰਧਰ (ਸਤਨਾਮ ਸਿੰਘ ਸਹੂੰਗੜਾ)** ਕਾਰਲ ਮਾਰਕਸ ਦੇ 207ਵੇਂ ਜਨਮ ਦਿਹਾੜੇ ਮੌਕੇ ਭਾਈ ਸੰਤੋਖ ਸਿੰਘ 'ਕਿਰਤੀ' ਭਾਸ਼ਣ ਲੜੀ ਤਹਿਤ ਅੱਜ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ 'ਮਾਰਕਸਵਾਦ ਦੀ ਪ੍ਰਸੰਗਕਤਾ' ਅਤੇ 'ਫਾਸ਼ੀਵਾਦ ਦਾ ਉਭਾਰ' ਵਿਸ਼ੇ 'ਤੇ ਗੰਭੀਰ ਵਿਚਾਰ-ਚਰਚਾ ਹੋਈ। ਵਿਚਾਰ-ਚਰਚਾ ਮੌਕੇ ਮੰਚ 'ਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਅਤੇ ਦੋਵੇਂ ਮੁੱਖ ਬੁਲਾਰੇ ਕਮੇਟੀ ਮੈਂਬਰ ਜਗਰੂਪ ਅਤੇ ਹਰਵਿੰਦਰ ਭੰਡਾਲ ਹਾਜ਼ਰ ਸਨ।

ਵਿਚਾਰ-ਚਰਚਾ ਦਾ ਆਗਾਜ਼ ਆਜ਼ਾਦੀ ਸੰਗਰਾਮ 'ਚ ਇਤਿਹਾਸਕ ਘਟਨਾਵਾਂ ਅਤੇ ਨਾਇਕਾਂ ਬਾਰੇ ਕਮੇਟੀ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਵੱਲੋਂ ਰੋਸ਼ਨੀ ਪਾਉਣ ਨਾਲ ਹੋਇਆ।

ਕਾਰਲ ਮਾਰਕਸ ਦੇ ਜਨਮ ਦਿਹਾੜੇ 'ਤੇ 'ਮਾਰਕਸਵਾਦ ਦੀ ਪ੍ਰਸੰਗਕਤਾ' ਵਿਸ਼ੇ 'ਤੇ ਬੋਲਦੇ ਹੋਏ ਕਮੇਟੀ ਮੈਂਬਰ ਜਗਰੂਪ ਨੇ ਕਿਹਾ ਕਿ ਮਾਰਕਸਵਾਦ ਦੀ ਪ੍ਰਸੰਗਕਤਾ ਕਿਸੇ ਤਰ੍ਹਾਂ ਦੀ ਸੰਦੇਹ ਦਾ ਮਾਮਲਾ ਨਹੀਂ। ਇਸਦੀ ਪ੍ਰਸੰਗਕਤਾ ਨੇ ਦੁਨੀਆਂ ਭਰ 'ਚ ਆਪਣੀ ਪ੍ਰਮਾਣਿਕਤਾ ਦਾ ਸਿੱਕਾ ਜਮਾਇਆ। ਰੂਹਾਨੀ ਗ਼ੁਲਾਮੀ ਤੋਂ ਮੁਕਤੀ ਦਾ ਮਾਰਗ ਦਰਸ਼ਕ ਹੋਣਾ ਮਾਰਕਸਵਾਦ ਦੀ ਪ੍ਰਸੰਗਿਕਤਾ ਹੈ। ਉਹਨਾਂ ਨੇ ਪਦਾਰਥ ਨੂੰ ਪ੍ਰਥਮ ਥਾਂ ਮੰਨਦਿਆਂ ਗਤੀ ਨੂੰ ਪ੍ਰਮੁੱਖਤਾ ਦੇਣ ਵਾਲਿਆਂ ਦੀ ਆਲੋਚਨਾ ਕੀਤੀ।

ਉਹਨਾਂ ਕਿਹਾ ਕਿ ਸਿਰਫ਼ ਵਿਆਖਿਆ ਤੱਕ ਸੀਮਤ ਰਹਿਣਾ ਮਾਰਕਸੀ ਦ੍ਰਿਸ਼ਟੀ ਨਹੀਂ, ਮਾਰਕਸ ਅਤੇ ਏਂਗਲਜ ਨੇ ਬਦਲਾਓ ਦਾ ਸਿਧਾਂਤ ਉਘਾੜਕੇ ਸਾਹਮਣੇ ਲਿਆਂਦਾ। ਸਮਾਜ ਦੀ ਸਿਰਫ਼ ਵਿਆਖਿਆ ਕਾਫ਼ੀ ਨਹੀਂ ਅਸਲ ਨੁਕਤਾ ਤਾਂ ਇਸ ਨਿਜ਼ਾਮ ਨੂੰ ਬਦਲਣ ਦਾ ਹੈ। ਗਿਆਨ, ਵਿਗਿਆਨ, ਖੋਜ਼ ਦਾ ਆਪਣਾ ਥਾਂ ਹੋ ਸਕਦੈ ਪਰ ਹਰੇਕ ਨੂੰ ਮਾਰਕਸੀ ਵਿਚਾਰਧਾਰਾ ਦੇ ਵਿਦਵਾਨਾਂ ਦਾ ਥਾਂ ਦੇ ਦੇਣਾ ਕਦਾਚਿਤ ਠੀਕ ਨਹੀਂ। ਚੇਤਨ ਮਜ਼ਦੂਰ ਜਮਾਤ ਅਜੇਹੀ ਤਾਕਤ ਹੈ ਜਿਹੜੀ ਜਿੱਤ ਦੇ ਮਾਰਗ ਖੋਹਲਦੀ ਹੈ। ਜਗਰੂਪ ਨੇ ਕਿਹਾ ਕਿ ਇੱਕ ਵੰਨਗੀ ਉਹ ਵੀ ਹੈ, ਜਿਹੜੀ ਇਹ ਢੰਡੋਰਾ ਪਿੱਟਦੀ ਹੈ ਕਿ ਮਾਰਕਸਵਾਦ ਤਾਂ ਵੇਲਾ ਵਿਹਾ ਚੁੱਕਿਆ ਹੈ। ਉਹਨਾਂ ਕਿਹਾ ਕਿ ਕੀ ਕਦੀ 'ਸੱਚ' ਵੀ ਵੇਲਾ ਵਿਹਾ ਸਕਦਾ ਹੈ? ਕਦੀ ਨਹੀਂ। ਸਰਮਾਏਦਾਰੀ ਨੂੰ ਅੰਦਰੋਂ ਅਸਲ 'ਚ ਇਹ ਭੈਅ ਵੱਢ-ਵੱਢ ਕੇ ਖਾ ਰਿਹਾ ਹੈ ਕਿ ਜੇਕਰ ਮਜ਼ਦੂਰ ਜਮਾਤ ਅਤੇ ਸਮੂਹ ਮਿਹਨਤਕਸ਼ ਲੋਕਾਂ ਨੂੰ ਮਾਰਕਸੀ ਸੂਝ-ਬੂਝ ਆ ਗਈ ਤਾਂ ਉਹ ਲੁੱਟ ਅਤੇ ਜ਼ਬਰ 'ਤੇ ਅਧਾਰਤ ਰਾਜ ਭਾਗ ਨੂੰ ਮੂਲੋਂ ਪਲਟਾ ਦੇ ਦੇਣਗੇ। ਸੰਕਟਗ੍ਰਸਤ ਸਰਮਾਏਦਾਰੀ ਲੋਕਾਂ ਉਪਰ ਬੋਝ ਲੱਦਣ ਲੱਗੀ ਇਕ ਮੋੜ 'ਤੇ ਫਸ ਜਾਂਦੀ ਹੈ ਕਿ ਉਹ ਹੋਰ ਮੰਡੀਆਂ ਹੜੱਪਣ ਲਈ ਨਿਹੱਕੀਆ ਜੰਗਾਂ ਦਾ ਸਹਾਰਾ ਲੈਂਦੀ ਹੈ। ਉਹਨਾਂ ਕਿਹਾ ਕਿ ਸਰਮਾਏਦਾਰੀ ਸੰਕਟ ਜਦੋਂ ਸਿਖਰਾਂ ਛੋਹ ਜਾਂਦਾ ਹੈ ਤਾਂ ਉਹ ਅਜੇਹੇ ਮੋੜ 'ਤੇ ਘਿਰ ਜਾਂਦਾ ਹੈ, ਜਿੱਥੋਂ ਨਿਕਲਣ ਦਾ ਉਸ ਕੋਲ ਰਾਹ ਨਹੀਂ ਰਹਿੰਦਾ। ਇਸ ਹਾਲਤ ਵਿੱਚ ਵਿਦਰੋਹ ਅਤੇ ਜਮਾਤੀ ਸੰਘਰਸ਼ ਪੈਦਾ ਹੁੰਦੇ ਨੇ। ਹਰਵਿੰਦਰ ਭੰਡਾਲ ਨੇ ਜ਼ੋਰ ਦੇ ਕੇ ਕਿਹਾ ਕਿ ਫਾਸ਼ੀਵਾਦ ਦੇ ਵਰਤਾਰੇ ਦੇ ਫੈਲਦੇ ਪੰਜੇ ਬਾਰੇ ਸਾਨੂੰ ਚੌਕੰਨੇ ਹੋਣ ਦੀ ਲੋੜ ਹੈ ਨਹੀਂ ਤਾਂ ਬਹੁਤ ਹੀ ਭਿਆਨਕ ਹਾਲਾਤ ਸਾਡੇ ਸਾਹ ਨੱਪਣ ਲਈ ਅੱਗੇ ਵਧਣਗੇ। ਉਹਨਾਂ ਕਿਹਾ ਕਿ ਅੰਧਰਾਸ਼ਟਰਵਾਦ ਦੀ ਧੁੰਦ ਪੈਦਾ ਕਰਕੇ ਲੋਕਾਂ ਉਪਰ ਕਹਿਰ ਦੀ ਅੱਗ ਵਰਾਉਣ ਵਾਲੇ ਆਪ ਬਰੀ ਹੋ ਕੇ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਪਾਸੇ ਕਰਕੇ ਆਪਣਾ ਉੱਲੂ ਸਿੱਧਾ ਕਰਦਾ ਹੈ ਫਾਸ਼ੀਵਾਦ। ਉਹਨਾਂ ਕਿਹਾ ਕਿ ਇਹ ਵੀ ਹਕੀਕਤ ਹੈ ਕਿ ਫਾਸ਼ੀਵਾਦ, ਲੋਕਾਂ ਨਾਲੋਂ ਤਾਕਤਵਰ ਨਹੀਂ ਹੁੰਦਾ ਪਰ ਲੋੜ ਹੁੰਦੀ ਹੈ ਲੋਕਾਂ ਨੂੰ ਚੇਤਨ ਹੋ ਕੇ ਸੰਘਰਸ਼ ਕਰਨ ਦੀ।





# ਵਿਦਿਆਰਥੀ ਜੀਵਨ ਵਿੱਚ ਸਵੈ ਅਧਿਐਨ ਦੀ ਮਹੱਤਤਾ

ਅਜੋਕਾ ਯੁੱਗ ਤਕਨੀਕੀ ਮੁਹਾਰਤ ਦਾ ਯੁੱਗ ਹੈ ਅਤੇ ਤਕਨੀਕੀ ਸਮਰੱਥਾ ਵਿੱਚ ਸਫਲਤਾ ਕਾਰਨ ਜਾਣਕਾਰੀ ਬਹੁਤ ਹੀ ਵੱਧ ਗਈ ਹੈ ਅਤੇ ਵਿਦਿਆਤਮਿਕ ਸਰੋਤਾਂ ਦੀ ਪਹੁੰਚ ਪਹਿਲਾਂ ਤੋਂ ਜ਼ਿਆਦਾ ਆਸਾਨ ਹੋ ਗਈ ਹੈ। ਸਵੈ ਅਧਿਐਨ ਵਿਦਿਆਰਥੀ ਜੀਵਨ ਦੇ ਇੱਕ ਅਹਿਮ ਭਾਗ ਵਜੋਂ ਉਭਰ ਕੇ ਸਾਹਮਣੇ ਆਇਆ ਹੈ। ਨਵੇਕਲੇ ਯੁੱਗ ਦੇ ਵਿਦਿਆਰਥੀ ਆਪਣੇ ਅਕਾਦਮਿਕ ਯਾਤਰਾਵਾਂ ਦਾ ਨਵੀਨੀਕਰਨ ਕਰ ਰਹੇ ਹਨ ਅਤੇ ਹੁਣ ਸੁਤੰਤਰਤਾ ਨਾਲ ਸਿੱਖਣ ਦੀ ਸਮਰੱਥਾ ਨਾ ਸਿਰਫ਼ ਉਨ੍ਹਾਂ ਦੀਆਂ ਅਕਾਦਮਿਕ ਕਾਮਯਾਬੀਆਂ ਨੂੰ ਨਿਰਧਾਰਿਤ ਕਰਦੀ ਹੈ ਬਲਕਿ ਉਨ੍ਹਾਂ ਦੇ ਨਿੱਜੀ ਵਿਕਾਸ ਨੂੰ ਵੀ ਰੂਪ ਦੇ ਰਹੀ ਹੈ।

**ਸੁਤੰਤਰ ਸਿੱਖਣ ਵੱਲ ਰੁਖ**

ਪੁਰਾਣੇ ਸਮੇਂ ਵਿੱਚ ਸਿੱਖਿਆ ਜਮਾਤ ਦੀ ਸਿਖਲਾਈ 'ਤੇ ਬਹੁਤ ਨਿਰਭਰ ਸੀ, ਜਿੱਥੇ ਅਧਿਆਪਕ ਜਾਣਕਾਰੀ ਦਾ ਮੁੱਖ ਸਰੋਤ ਹੁੰਦਾ ਸੀ। ਹਾਲਾਂਕਿ ਆਧੁਨਿਕ ਸਿੱਖਿਆ ਦੇ ਮਾਹੌਲ ਵਿੱਚ ਬਦਲਾਅ ਆ ਰਿਹਾ ਹੈ। ਆਨਲਾਈਨ ਕੋਰਸ, ਸਿੱਖਿਆ ਐਪਸ ਅਤੇ ਡਿਜੀਟਲ ਪੁਸਤਕਾਂ ਦੇ ਉੱਧਮ ਨਾਲ ਵਿਦਿਆਰਥੀਆਂ ਨੂੰ ਐਸੇ ਟੂਲ ਮਿਲ ਰਹੇ ਹਨ ਜੋ ਉਨ੍ਹਾਂ ਨੂੰ ਆਪਣੇ ਸਿੱਖਣ ਦੇ ਅਨੁਭਵ ਨੂੰ ਸੰਭਾਲਣ ਦੀ ਆਗਿਆ ਦਿੰਦੇ ਹਨ। ਇਹ ਸੁਤੰਤਰ ਸਿੱਖਣ ਵੱਲ ਰੁਖ ਸਵੈ ਅਧਿਐਨ ਦੀ ਮਹੱਤਤਾ ਨੂੰ ਉਜਾਗਰ ਕਰਦਾ ਹੈ ਜੋ ਕਿ ਸੰਵੇਦਨਸ਼ੀਲਤਾ, ਸਮੱਸਿਆ ਹੱਲ ਕਰਨ ਦੀ ਸਮਰੱਥਾ ਅਤੇ ਜੀਵਨ ਭਰ ਸਿੱਖਣ ਦੇ ਪ੍ਰੇਮ ਨੂੰ ਉਤਸ਼ਾਹਿਤ ਕਰਦਾ ਹੈ।

**ਸਵੈ ਅਧਿਐਨ ਦੇ ਫਾਇਦੇ**

1. ਸਮਝ ਵਿੱਚ ਵਾਧਾ: ਸਵੈ ਅਧਿਐਨ ਵਿਦਿਆਰਥੀਆਂ ਨੂੰ ਉਹ ਵਿਸ਼ਿਆਂ ਵਿੱਚ ਡੂੰਘਾਈ ਨਾਲ ਜਾਣਕਾਰੀ ਪ੍ਰਾਪਤ ਕਰਨ ਦਾ ਮੌਕਾ ਦਿੰਦਾ ਹੈ ਜੋ ਉਨ੍ਹਾਂ ਨੂੰ ਰੁਚੀ ਦਿੰਦੇ ਹਨ। ਕਲਾਸਰੂਮ ਦੇ ਪਾਠਕ੍ਰਮ ਤੋਂ ਬਾਹਰ ਦੇ ਵਿਸ਼ਿਆਂ ਦੀ ਖੋਜ ਕਰਕੇ, ਵਿਦਿਆਰਥੀ ਆਪਣੇ ਅਧਿਐਨ ਦੇ ਖੇਤਰ ਵਿੱਚ ਹੋਰ ਵਿਆਪਕ ਸਮਝ ਵਿਕਸਤ ਕਰ ਸਕਦੇ ਹਨ। ਇਹ ਨਾ ਸਿਰਫ਼ ਅਕਾਦਮਿਕ ਪ੍ਰਦਰਸ਼ਨ ਵਿੱਚ ਮਦਦ ਕਰਦਾ ਹੈ ਬਲਕਿ ਗਿਆਨ ਦੀ ਯਾਦਸ਼ਕਾਰੀ ਵਿੱਚ ਵੀ ਵਾਧਾ ਕਰਦਾ ਹੈ।

2. ਟਾਈਮ ਮੈਨੇਜਮੈਂਟ ਸਕਿਲਜ਼: ਸਵੈ ਅਧਿਐਨ ਵਿੱਚ ਸ਼ਾਮਿਲ ਹੋਣਾ ਵਿਦਿਆਰਥੀਆਂ ਨੂੰ ਆਪਣੇ ਸਮੇਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਬੰਧਿਤ ਕਰਨ ਦੀ ਲੋੜ ਪੈਂਦੀ ਹੈ। ਪਾਠ, ਬਾਹਰੀ ਗਤੀਵਿਧੀਆਂ ਅਤੇ ਨਿੱਜੀ ਜ਼ਿੰਮੇਵਾਰੀਆਂ ਦੇ ਵਿਚਕਾਰ ਸੰਤੁਲਨ ਬਣਾਉਣਾ ਜ਼ਰੂਰੀ ਸਮੇਂ ਪ੍ਰਬੰਧਨ ਸਕਿਲਜ਼ ਨੂੰ ਵਿਕਸਤ ਕਰਦਾ ਹੈ ਜੋ ਉਨ੍ਹਾਂ ਦੇ ਅਕਾਦਮਿਕ ਕਰੀਅਰ ਤੋਂ ਬਾਹਰ ਵੀ ਕੰਮ ਆਉਂਦੇ ਹਨ।

3. ਵਿਅਕਤੀਗਤ ਸਿੱਖਣ ਦਾ ਅਨੁਭਵ: ਹਰ ਵਿਦਿਆਰਥੀ ਦੀ ਆਪਣੀ ਵਿਸ਼ੇਸ਼ ਸਿੱਖਣ ਦੀ ਸ਼ੈਲੀ ਹੁੰਦੀ ਹੈ। ਸਵੈ ਅਧਿਐਨ ਵਿਦਿਆਰਥੀਆਂ ਨੂੰ ਆਪਣੇ ਪਸੰਦ ਦੇ ਅਨੁਸਾਰ ਆਪਣੇ ਅਧਿਐਨ ਦੇ ਤਰੀਕੇ ਨੂੰ ਤਸਵੀਰ ਕਰਨ ਦਾ ਮੌਕਾ ਦਿੰਦਾ ਹੈ, ਚਾਹੇ ਉਹ ਪੜ੍ਹਾਈ ਹੋਵੇ, ਵੀਡੀਓਜ਼ ਦੇਖਣਾ ਜਾਂ ਹੱਥਾਂ ਨਾਲ ਪ੍ਰੋਜੈਕਟਾਂ ਵਿੱਚ ਸ਼ਾਮਿਲ ਹੋਣਾ ਹੋਵੇ। ਇਹ ਵਿਅਕਤੀਗਤ ਪਹੁੰਚ ਇੱਕ ਹੋਰ ਮਾਨਯੋਗ ਅਤੇ ਮਨੋਰੰਜਕ ਸਿੱਖਣ ਦੇ ਅਨੁਭਵ ਵੱਲ ਲੈ ਜਾਂਦੀ ਹੈ।

4. ਵਾਧੂ ਪ੍ਰੇਰਨਾ ਅਤੇ ਅਨੁਸ਼ਾਸਨ: ਸੁਤੰਤਰਤਾ ਨਾਲ ਅਧਿਐਨ ਕਰਨ ਦੀ ਕੋਸ਼ਿਸ਼ ਕਰਨ ਨਾਲ ਜ਼ਿੰਮੇਵਾਰੀ ਅਤੇ ਆਪਣੇ ਆਪ 'ਤੇ ਅਨੁਸ਼ਾਸਨ ਦਾ ਭਾਵ ਵਿਕਸਤ ਹੁੰਦਾ ਹੈ। ਜਿਨ੍ਹਾਂ ਵਿਦਿਆਰਥੀਆਂ ਨੇ ਸਵੈ ਅਧਿਐਨ ਵਿੱਚ ਸ਼ਾਮਿਲ ਹੋਏ ਹਨ, ਉਹ ਆਪਣੇ ਲਕਸ਼ਾਂ ਨੂੰ ਪ੍ਰਾਪਤ ਕਰਨ ਲਈ ਜ਼ਿਆਦਾ ਪ੍ਰੇਰਿਤ ਮਹਿਸੂਸ ਕਰਦੇ ਹਨ, ਕਿਉਂਕਿ ਉਹ ਬਿਨਾਂ ਕਿਸੇ ਬਾਹਰੀ ਦਬਾਅ ਦੇ ਬਲ ਲਗਾਉਂਦੇ ਹਨ।

5. ਭਵਿੱਖੀ ਚੁਣੌਤੀਆਂ ਲਈ ਤਿਆਰੀ: ਅੱਜ ਦੇ ਤੇਜ਼ ਗਤੀ ਵਾਲੇ ਸੰਸਾਰ ਵਿੱਚ, ਸੁਤੰਤਰਤਾ ਨਾਲ ਸਿੱਖਣ ਦੀ ਸਮਰੱਥਾ ਮਹੱਤਵਪੂਰਨ ਹੈ। ਸਵੈ ਅਧਿਐਨ ਵਿਦਿਆਰਥੀਆਂ ਨੂੰ ਨਵੇਂ ਹਾਲਾਤਾਂ ਅਤੇ ਚੁਣੌਤੀਆਂ ਲਈ ਤਿਆਰੀ ਕਰਨ ਵਾਲੀਆਂ ਸਮਰੱਥਾਵਾਂ ਨਾਲ ਲਬਰੇਜ ਕਰਦਾ ਹੈ। ਨੌਕਰੀਦਾਤਾ ਉਹਨਾਂ ਉਮੀਦਵਾਰਾਂ ਦੀ ਕਦਰ ਕਰਦੇ ਹਨ ਜੋ ਆਪਣੀ ਸਿੱਖਿਆ ਤੋਂ ਬਾਹਰ ਸਿੱਖਣ ਦੀ ਇੱਛਾ ਦਿਖਾਉਂਦੇ ਹਨ।

ਪ੍ਰਭਾਵਸ਼ਾਲੀ ਸਵੈ ਅਧਿਐਨ ਲਈ ਰਣਨੀਤੀਆਂ

ਸਵੈ ਅਧਿਐਨ ਦੇ ਫਾਇਦਿਆਂ ਨੂੰ ਵੱਧ ਤੋਂ ਵੱਧ ਕਰਨ ਲਈ, ਵਿਦਿਆਰਥੀਆਂ ਨੂੰ ਹੇਠ ਲਿਖੀਆਂ ਰਣਨੀਤੀਆਂ ਨੂੰ ਲਾਗੂ ਕਰਨ 'ਤੇ ਵਿਚਾਰ ਕਰਨਾ ਚਾਹੀਦਾ ਹੈ:

* ਸਪਸ਼ਟ ਟੀਚੇ ਬਣਾਓ: ਨਿਸ਼ਚਿਤ, ਮਾਪਯੋਗ ਟੀਚੇ ਦੀ ਸਥਾਪਨਾ ਕਰਨਾ ਵਿਦਿਆਰਥੀਆਂ ਨੂੰ ਕੇਂਦ੍ਰਿਤ ਅਤੇ ਪ੍ਰੇਰਿਤ ਰਹਿਣ ਵਿੱਚ ਮਦਦ ਕਰ ਸਕਦਾ ਹੈ।
* ਅਧਿਐਨ ਦਾ ਸਮਾਂ ਬਣਾਓ: ਸਵੈ ਅਧਿਐਨ ਲਈ ਸਮਾਂ ਨਿਰਧਾਰਿਤ ਕਰਨ ਨਾਲ ਇਹ ਇੱਕ ਨਿਯਮਿਤ ਹਿੱਸਾ ਬਣ ਜਾਂਦਾ ਹੈ, ਜਿਸ ਨਾਲ ਟਾਲਮਟੋਲ ਘੱਟ ਹੁੰਦੀ ਹੈ ਅਤੇ ਉਤਪਾਦਕਤਾ ਵਧਦੀ ਹੈ।
* ਵਿਸ਼ਾਲ ਸਰੋਤਾਂ ਦਾ ਇਸਤੇਮਾਲ ਕਰੋ: ਵਿਦਿਆਰਥੀਆਂ ਨੂੰ ਵੱਖ-ਵੱਖ ਸਰੋਤਾਂ ਦਾ ਲਾਭ ਉਠਾਉਣਾ ਚਾਹੀਦਾ ਹੈ, ਜਿਵੇਂ ਕਿ ਆਨਲਾਈਨ ਕੋਰਸ, ਪੋਡਕਾਸਟ, ਲੇਖ ਅਤੇ ਸਿੱਖਿਆ ਵਾਲੀਆਂ ਵੀਡੀਓਜ਼, ਤਾਂ ਜੋ ਵੱਖ-ਵੱਖ ਵਿਸ਼ਿਆਂ ਦੀ ਸਮਝ ਵਿੱਚ ਵਾਧਾ ਕੀਤਾ ਜਾ ਸਕੇ।
* ਅਧਿਐਨ ਸਮੂਹਾਂ ਵਿੱਚ ਸ਼ਾਮਿਲ ਹੋਵੋ: ਸਾਥੀਆਂ ਨਾਲ ਮਿਲ ਕੇ ਕੰਮ ਕਰਨ ਨਾਲ ਹੋਰ ਵਿਚਾਰ ਅਤੇ ਪਰਪੇਖ ਮਿਲ ਸਕਦੇ ਹਨ, ਜਿਸ ਨਾਲ ਸਵੈ ਅਧਿਐਨ ਹੋਰ ਇੰਟਰਐਕਟਿਵ ਅਤੇ ਮਨੋਰੰਜਕ ਬਣ ਜਾਂਦਾ ਹੈ।
* ਸਿੱਖਣ 'ਤੇ ਵਿਚਾਰ ਕਰੋ: ਜੋ ਕੁਝ ਸਿਖਿਆ ਗਿਆ ਹੈ ਉਸ 'ਤੇ ਵਿਚਾਰ ਕਰਨ ਲਈ ਸਮਾਂ ਲੈਣਾ ਗਿਆਨ ਨੂੰ ਮਜ਼ਬੂਤ ਕਰਨ ਅਤੇ ਉਹਨਾਂ ਖੇਤਰਾਂ ਦੀ ਪਛਾਣ ਕਰਨ ਵਿੱਚ ਮਦਦ ਕਰਦਾ ਹੈ ਜੋ ਹੋਰ ਖੋਜ ਕਰਨ ਦੀ ਲੋੜ ਰੱਖਦੇ ਹਨ।

ਜਿਉ ਜਿਉ ਵਿਦਿਆਰਥੀ ਆਪਣੇ ਅਕਾਦਮਿਕ ਯਾਤਰਾ ਦੇ ਇੱਕ ਮੁੱਖ ਭਾਗ ਵਜੋਂ ਸਵੈ ਅਧਿਐਨ ਨੂੰ ਤਰਜ਼ਹ ਦੇ ਰਹੇ ਹਨ, ਇਹ ਜ਼ਰੂਰੀ ਹੈ ਕਿ ਅਧਿਆਪਕ ਅਤੇ ਸੰਸਥਾਵਾਂ ਇਸ ਪਹਿਲ ਨੂੰ ਸਮਰਥਨ ਦੇਣ। ਸੁਤੰਤਰਤਾ ਨਾਲ ਸਿੱਖਣ ਨੂੰ ਪ੍ਰੋਤਸਾਹਿਤ ਕਰਨ ਨਾਲ ਨਾ ਸਿਰਫ਼ ਵਿਦਿਆਰਥੀਆਂ ਨੂੰ ਸ਼ਕਤੀ ਮਿਲਦੀ ਹੈ ਬਲਕਿ ਉਹਨਾਂ ਨੂੰ ਆਧੁਨਿਕ ਸੰਸਾਰ ਦੀਆਂ ਜਟਿਲਤਾਵਾਂ ਲਈ ਤਿਆਰੀ ਵੀ ਕੀਤੀ ਜਾਂਦੀ ਹੈ। ਐਸੈ ਸੰਸਕਾਰ ਵਿਕਸਤ ਕਰਨ ਵਿੱਚ ਜੋ ਸਵੈ ਅਧਿਐਨ ਦੀ ਕਦਰ ਕਰਦੀ ਹੈ, ਅਸੀਂ ਆਪਣੇ ਵਿਦਿਆਰਥੀਆਂ ਦੀ ਭਵਿੱਖੀ ਕਾਮਯਾਬੀ ਅਤੇ ਲਚਕੀਲੇਪਣ ਵਿੱਚ ਨਿਵੇਸ਼ ਕਰ ਰਹੇ ਹਾਂ—ਉਨ੍ਹਾਂ ਨੂੰ ਉਹਨਾਂ ਟੂਲਾਂ ਨਾਲ ਸੰਬੰਧਿਤ ਕਰਨਾ ਜੋ ਉਨ੍ਹਾਂ ਨੂੰ ਵਿਦਿਆਕ ਅਤੇ ਨਿੱਜੀ ਤੌਰ 'ਤੇ ਵੱਧਣ ਲਈ ਲੋੜੀਂਦੇ ਹਨ।

ਅੱਜ ਦੇ ਯੁੱਗ ਵਿੱਚ ਜਿੱਥੇ ਗਿਆਨ ਸਾਡੇ ਉੱਪਰ ਮੌਜੂਦ ਹੈ, ਵਿਦਿਆਰਥੀ ਜੀਵਨ ਵਿੱਚ ਸਵੈ ਅਧਿਐਨ ਦੀ ਭੂਮਿਕਾ ਬਹੁਤ ਮਹੱਤਵਪੂਰਣ ਹੈ; ਇਹ ਨਾ ਸਿਰਫ਼ ਅਕਾਦਮਿਕ ਸ਼੍ਰੇਸ਼ਠਤਾ ਦਾ ਰਸਤਾ ਹੈ ਬਲਕਿ ਜੀਵਨ ਭਰ ਦੀ ਸਿੱਖਣ ਅਤੇ ਵਿਕਾਸ ਦਾ ਵੀ ਰਾਹ ਹੈ।



**ਸੁਰਿੰਦਰਪਾਲ ਸਿੰਘ**
**ਸ੍ਰੀ ਅਮ੍ਰਿਤਸਰ ਸਾਹਿਬ।**

# ਵੈਦ ਦੀ ਕਲਮ ਤੋਂ

## (ਤੁਸੀਂ ਸਿਰਫ ਸੌ ਰੁਪਏ ਵਿਚ, ਕੈਂਸਰ ਦਾ ਡਰ ਦਿਲ ਵਿਚੋਂ ਸਦਾ ਲਈ ਕੱਢ ਸਕਦੇ ਹੋ)

ਮੇਰਾ ਇਹ ਦਾਅਵਾ ਸੁਣ ਕੇ ਬਹੁਤ ਲੋਕਾਂ ਨੂੰ ਹੈਰਾਨੀ ਹੋਈ ਹੋਵੇਗੀ। ਪਰ ਇਹ ਸੱਚ ਹੈ। ਪੰਜਾਬ ਵਿੱਚ ਅੱਜਕਲ ਤਕਰੀਬਨ ਚੌਥਾ ਹਿੱਸਾ ਭਈਏ ਨੇ। ਉਹਨਾਂ ਨੂੰ ਹੋਰ ਛੱਤੀ ਬਿਮਾਰੀਆਂ ਹੋ ਸਕਦੀਆਂ। ਪਰ ਕਦੇ ਕਿਸੇ ਵਾਰਡ ਵਿਚ ਜਾ ਹਸਪਤਾਲ ਵਿਚ ਕੋਈ ਕੈਂਸਰ ਦਾ ਮਰੀਜ਼ ਭਈਆ ਦੇਖਿਆ ? ਜੇਕਰ ਦੇਖਿਆ ਹੋਵੇਗਾ, ਤਾਂ ਉਹਨੂੰ ਜਰੂਰ ਇੱਥੇ ਰਹਿੰਦੇ ਨੂੰ ਵੀਹ ਤੀਹ ਸਾਲ ਹੋ ਗਏ ਹੋਣੇ। ਕਦੇ ਇਹਨਾ ਵਿਚ ਤੁਹਾਨੂੰ ਕੋਈ ਛੇਤੀ ਚਮੜੀ ਰੋਗ ਦਾ ਮਰੀਜ਼ ਨਹੀਂ ਮਿਲੇਗਾ। ਜਿਵੇਂ ਜੋਗੀਆਂ ਦੇ ਐਨਕ ਕਦੇ ਨਹੀਂ ਦਿਸਦੀ।

ਕੀ ਹੈ ਇਸਦਾ ਇਲਾਜ ??

ਸਿਰਫ ਇੱਕ ਦਰੱਖਤ ਦੇ ਕੁਛ ਪੱਤੇ ਤੇ ਟਾਹਣੀਆਂ। ਜਿਹਨਾ ਨੂੰ ਅਸੀਂ ਕੂੜਾ ਸਮਝ ਕੇ ਬਾਹਰ ਸੁੱਟ ਦਿੰਦੇ ਹਾਂ। ਇਹ ਬਿਹਾਰ ਝਾਰਖੰਡ ਬੰਗਾਲ ਵਿਚ ਆਮ ਹੁੰਦਾ ਹੈ। ਪਰ ਪੰਜਾਬ ਵਿੱਚ ਪੰਸਾਰੀ ਤੋਂ ਖਰੀਦਣਾ ਪੈਂਦਾ ਹੈ।

ਚਰਾਇਤਾ

ਬਸ ਸੌ ਰੁਪਏ ਦਾ ਬਹੁਤ ਹੈ। ਇਹ ਸ਼ੂਗਰ ਨੂੰ ਕੰਟਰੋਲ ਕਰਨ ਤੋਂ ਲੈਕੇ ਤੁਹਾਡੇ ਖੂਨ ਚਮੜੀ ਤੇ ਸ਼ਰੀਰ ਦੀਆਂ ਅੰਦਰਲੀਆਂ ਬਰੀਕ ਕੋਸ਼ਕਾਵਾਂ ਨੂੰ ਕਲੀਨ ਕਰ ਦਿੰਦਾ ਹੈ। ਜਿਸ ਨਾਲ ਕੈਂਸਰ ਹੋਣ ਦੀ ਸੰਭਾਵਨਾ ਤਾਂ ਨਾ ਦੇ ਬਰਾਬਰ ਹੁੰਦੀ ਹੀ ਹੈ। ਬਲਕਿ ਜੇਕਰ ਪਹਿਲੀ ਸਟੇਜ ਤੇ ਕੈਂਸਰ ਦੀ ਸ਼ੁਰੂਆਤ ਹੋ ਚੁੱਕੀ ਹੈ ਤਾਂ ਉਸਨੂੰ ਵੀ ਨਸ਼ਟ ਕਰ ਦਿੰਦਾ ਹੈ।



ਮਰਜ਼ੀ ਤੁਹਾਡੀ ਆਖਿਰ ਸਰੀਰ ਹੈ ਤੁਹਾਡਾ।

ਮੇਰੀ ਸਲਾਹ ਹੈ ਕਿ ਛੋਟੇ ਬੱਚੇ ਤੋਂ ਵੱਡੇ ਆਦਮੀ ਤੱਕ ਸਾਲ ਵਿਚ ਇਹ ਇੱਕ ਮਹੀਨਾ ਜਾ ਪੰਦਰਾਂ ਦਿਨ ਜਰੂਰ ਪਿਲਾਇਆ ਜਾਵੇ। ਤਾਂ ਕਿ ਬਹੁਤ ਬਿਮਾਰੀਆਂ ਤੋਂ ਬਚਿਆ ਜਾ ਸਕੇ।

ਬਸ ਰਾਤ ਨੂੰ ਥੋੜ੍ਹਾ ਜਿਹਾ ਪਾਣੀ ਵਿਚ ਭਿਉਂ ਦੇਵੋ। ਸਵੇਰੇ ਖਾਲੀ ਪੇਟ ਛਾਣ ਕੇ ਪੀ ਲਵੋ। ਇਹ ਕਿੰਨਾ ਭਿਉਣਾ ਹੈ, ਇਹ ਤੁਹਾਨੂੰ ਪੰਸਾਰੀ ਵੀ ਦੱਸ ਦੇਵੇਗਾ।



**ਵੈਦ ਬਲਵਿੰਦਰ ਸਿੰਘ ਢਿੱਲੋ ਵਿੰਨੀਪੈਗ ਵਾਲੇ**
**+14312932265**

# ਅੱਜ ਭੋਗ ਤੇ ਵਿਸ਼ੇਸ਼

## ਜਰਖੜ ਹਾਕੀ ਅਕੈਡਮੀ ਦਾ ਹੋਣਹਾਰ ਖਿਡਾਰੀ ਸੀ- ਗੁਰਕੀਰਤ ਸਿੰਘ ਮਾਂਗਟ ਗੋਲਡੀ

**ਲੁਧਿਆਣਾ( ਕਰਨੈਲ ਸਿੰਘ ਐੱਮ.ਏ.)** ਪੰਜਾਬ ਪੁਲਿਸ ਦੇ ਵਿੱਚ ਨੌਕਰੀ ਕਰਦੇ ਗੁਰਕੀਰਤ ਸਿੰਘ ਮਾਂਗਟ ਬੀਤੀ 27 ਅਪ੍ਰੈਲ ਨੂੰ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ । ਉਹਨਾਂ ਦੀ ਬੇਵਕਤੀ ਮੌਤ ਨੇ ਮਾਂਗਟ ਪਰਿਵਾਰ ਅਤੇ ਉਸਦੇ ਦੋਸਤਾਂ ਮਿੱਤਰਾਂ ਨੂੰ ਝੰਜੋੜ ਕੇ ਰੱਖ ਦਿੱਤਾ ਹੈ । ਗੁਰਕੀਰਤ ਸਿੰਘ ਮਾਂਗਟ ਬੜਾ ਹੋਣਹਾਰ ਵਿਦਿਆਰਥੀ ਅਤੇ ਹਾਕੀ ਦਾ ਵਧੀਆ ਖਿਡਾਰੀ ਸੀ। ਉਸ ਦਾ ਪਿਤਾ ਪ੍ਰਿਥੀਪਾਲ ਸਿੰਘ ਹਾਕੀ ਦਾ ਆਪਣੇ ਸਮੇਂ ਦਾ ਵਧੀਆ ਕੌਮੀ ਪੱਧਰ ਦਾ ਖਿਡਾਰੀ ਰਿਹਾ, ਜਦਕਿ ਉਸ ਦਾ ਦਾਦਾ ਚੰਦ ਸਿੰਘ ਜੋ ਹਾਕੀ ਦਾ ਬਹੁਤ ਹੀ ਵਧੀਆ ਕੋਚ ਅਤੇ ਹਾਕੀ ਖਿਡਾਰੀ ਸਨ। ਉਸ ਨੇ ਰਾਮਪੁਰ ਸਕੂਲ ਵਿੱਚ ਸਿੱਖਿਆ ਦੇ ਖੇਤਰ ਵਿੱਚ ਸੇਵਾ ਕਰਦਿਆਂ ਆਪਣੀ ਕੋਚਿੰਗ ਸਦਕਾ ਕਈ ਨਾਮੀ ਹਾਕੀ ਖਿਡਾਰੀ ਪੈਦਾ ਕੀਤੇ ਹਨ।



ਗੁਰਕੀਰਤ ਸਿੰਘ ਨੇ ਲੰਬਾ ਅਰਸਾ ਜਰਖੜ ਹਾਕੀ ਅਕੈਡਮੀ ਵਿੱਚ ਹਾਕੀ ਦੀ ਟਰੇਨਿੰਗ ਲਈ ਜਿੱਥੋਂ ਉਹ ਕੌਮੀ ਪੱਧਰ ਤੇ ਹਾਕੀ ਖੇਡਿਆ ਫਿਰ ਹਾਕੀ ਦੀ ਵਧੀਆ ਖੇਡ ਸਦਕਾ ਉਸ ਨੂੰ ਸਰਕਾਰੀ ਨੌਕਰੀ ਮਿਲੀ। ਅਜੇ ਜ਼ਿੰਦਗੀ ਵਿੱਚ ਉਸ ਨੇ ਹੋਰ ਅੱਗੇ ਵਧਣਾ ਸੀ ਪਰ ਅਚਨਚੇਤ ਮੌਤ ਦੇ ਜੱਫੇ ਨੇ ਉਸ ਦੀ ਜ਼ਿੰਦਗੀ ਦੀ ਸਾਰੀ ਕਹਾਣੀ ਹੀ ਖਤਮ ਕਰ ਦਿੱਤੀ। ਸਵਰਗੀ ਗੁਰਕੀਰਤ ਸਿੰਘ ਮਾਂਗਟ ਉਰਫ ਗੋਲਡੀ ਦੇ ਨਮਿੱਤ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ 8 ਮਈ ਦਿਨ ਵੀਰਵਾਰ ਨੂੰ ਗੁਰਦੁਆਰਾ ਭਗਵਾਨ ਸਰ ਸਾਹਿਬ, ਪੱਤੀ ਚੰਦੂ ਪਿੰਡ ਰਾਮਪੁਰ ਜ਼ਿਲ੍ਹਾ ਲੁਧਿਆਣਾ ਵਿਖੇ ਦੁਪਹਿਰ 12 ਤੋਂ 1 ਵਜੇ ਤੱਕ ਹੋਵੇਗੀ। ਆਪ ਜੀ ਨੇ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਦੀ ਕਿਰਪਾਲਤਾ ਕਰਨੀ ਜੀ।



# ਸੁਨਿਹਰਾ ਰਾਹ

ਅਰਸ਼ ਨੇ ਇੱਕ ਦਿਨ ਆਪਣੀ ਗਾਥਾ ਸੁਣਾਈ। ਮੇਰੇ ਘਰ ਦੇ ਹਾਲਾਤ ਸਾਜ਼ਗਾਰ ਨਹੀਂ ਸਨ। ਮੈਂ ਆਪਣੀ ਮਾਸੀ ਦੇ ਪਿੰਡ ਪੜ੍ਹਦੀ ਸਾਂ। ਸਰਕਾਰੀ ਸਕੂਲ ਦਾ ਸਾਰਾ ਸਟਾਫ਼ ਮਿਹਨਤੀ ਸੀ। ਮੈਂ ਲਗਨ ਨਾਲ ਪੜ੍ਹਦੀ, ਅਧਿਆਪਕ ਹੱਲਾਸ਼ੇਰੀ ਦਿੰਦੇ। ਮਨ ਵਿੱਚ ਪੜ੍ਹ ਲਿਖ ਕੇ ਕੁੱਝ ਬਣਨ ਦਾ ਸੁਪਨਾ ਸਮੋਇਆ ਸੀ। ਮਾਸੀ ਮੇਰੀ ਵਾਹ ਨਹੀਂ ਸੀ ਚੱਲਣ ਦਿੰਦੀ। ਸਾਰਾ ਦਿਨ ਘਰ ਦੇ ਕੰਮਾਂ ਵਿੱਚ ਲਈ ਰੱਖਦੀ। ਮੈਨੂੰ ਪੜ੍ਹਾਈ ਦੀ ਖਿੱਚ ਹੁੰਦੀ। ਪੜ੍ਹਦਿਆਂ ਵੇਖ ਉਹ ਬੋਲ ਕੁਬੋਲ ਕਰਦੀ। ਜੇਕਰ ਪੜ੍ਹਨਾ ਸੀ ਤਾਂ ਮਾਪਿਆਂ ਕੋਲ ਰਹਿੰਦੀ। ਮੈਂ ਤਾਂ ਆਵਦਾ ਸੁਖ ਵੇਖਕੇ ਤੈਨੂੰ ਏਥੇ ਲਿਆਈ ਸਾਂ। ਅਕਸਰ ਆਖਦੀ, ਪੜ੍ਹ ਕਿ ਤੂੰ ਕਿਹੜਾ ਡੀ. ਸੀ. ਲੱਗਣੈ। ਘਰ ਦੇ ਕੰਮ ਕੰਮ ਕਾਰ ਵਿੱਚ ਨਿਪੁੰਨ ਹੋ ਗਈ ਤਾਂ ਅਗਲੇ ਘਰ ਸੁਖ ਮਾਣੇਂਗੀ। ਮਾਸੀ ਦੀਆਂ ਗੱਲਾਂ ਮਨ ਨੂੰ ਠੇਸ ਪਹੁੰਚਾਉਂਦੀਆਂ। ਅਧਿਆਪਕਾਂ ਨੂੰ ਮੇਰੇ ਤੋਂ ਆਸਾਂ ਸਨ।ਉਹ ਮੈਥੋਂ ਵਾਰ ਵਾਰ ਮੁਸ਼ਕਲ ਪੁੱਛਦੇ। ਮੈਂ ਦੱਸ ਨਹੀ ਸਾਂ ਸਕਦੀ। ਚੁੱਪ ਰਹਿੰਦੀ। ਪੜ੍ਹਨ ਲਈ ਦੇਰ ਰਾਤ ਤੱਕ ਜਾਗਦੀ। ਕਦੇ ਸਵੇਰੇ ਸੁਵਖਤੇ ਉੱਠਦੀ। ਮਾਸੀ ਗੱਲ ਗੱਲ 'ਤੇ ਟੋਕਦੀ। ਵਾਪਸ ਪਿੰਡ ਭੇਜ ਦੇਣ ਦੇ ਡਰਾਵੇ ਦਿੰਦੀ। ਇਸੇ ਖਿੱਚੋਤਾਣ ਵਿੱਚ ਮੈਂ ਬਿਮਾਰ ਹੋ ਗਈ। ਬਕਾਇਦਾ ਇਲਾਜ ਨਾ ਹੋਇਆ। ਸਿਹਤ ਵਿਗੜਨ ਲੱਗੀ। ਡਾਕਟਰਾਂ ਕੋਲ ਲਿਜਾਣ ਦੀ ਬਜਾਏ ਮਾਸੀ, ਹਥੌਲਿਆਂ 'ਤੇ ਨਿਰਭਰ ਰਹੀ। ਮੈਨੂੰ ਆਪਣਾ ਭਵਿੱਖ ਹਨੇਰਾ ਨਜ਼ਰ ਆਉਣ ਲੱਗਾ। ਦੋ ਹਫ਼ਤੇ ਤੱਕ ਸਕੂਲ ਨਾ ਗਈ। ਅਧਿਆਪਕਾਂ ਨੂੰ ਫਿਕਰ ਪੈ ਗਿਆ। ਉਨ੍ਹਾਂ ਘਰ ਪਹੁੰਚ ਕੇ ਮੇਰਾ ਹਾਲ ਚਾਲ ਜਾਣਿਆ। ਘਰ ਦਾ ਮਾਹੌਲ ਵੇਖ਼ ਕੇ ਪ੍ਰੇਸ਼ਾਨ ਹੋਏ। ਮੇਰੇ ਇਲਾਜ ਲਈ ਮਾਂ ਨੂੰ ਬੁਲਾਇਆ। ਸ਼ਹਿਰ ਲਿਜਾ ਕੇ ਚੰਗੇ ਡਾਕਟਰ ਨੂੰ ਵਿਖਾਇਆ, ਦਵਾਈ ਲੈ ਦਿੱਤੀ। ਕੁੱਝ ਦਿਨਾਂ ਵਿੱਚ ਠੀਕ ਹੋ ਗਈ। ਪਰ ਮਨ ਦੀ ਹਤਾਸ਼ਾ ਤੇ ਨਿਰਾਸ਼ਾ ਨਹੀਂ ਗਈ।

ਅਣਮੰਨੇ ਮਨ ਨਾਲ ਮੁੜ ਸਕੂਲ ਜਾਣ ਲੱਗੀ। ਅਧਿਆਪਕਾਂ ਨੇ ਮੇਰੀ ਮਾਨਸਿਕ ਹਾਲਤ ਨੂੰ ਸਮਝ ਕੇ ਮਸ਼ਵਰਾ ਕੇਂਦਰ ਭਦੌੜ ਭੇਜਿਆ। ਉੱਥੋਂ ਹੀ ਮੈਨੂੰ ਰੌਸ਼ਨੀ ਦੀ ਕਿਰਨ ਨਜ਼ਰ ਆਈ। ਉਨ੍ਹਾਂ ਸਾਡੀ ਮੁਸ਼ਕਲ ਨੂੰ ਧਿਆਨ ਨਾਲ਼ ਸੁਣਿਆ। ਮੈਨੂੰ ਇਕੱਲਿਆਂ ਬੁਲਾਇਆ। ਫਿਰ ਅਪਣੱਤ ਨਾਲ ਸਮਝਾਉਣ ਲੱਗੇ। ਦੇਖ਼ ਬੇਟਾ, ਮੰਜ਼ਿਲ ਦਾ ਰਾਹ ਏਨਾ ਸੌਖਾ ਨਹੀਂ ਹੁੰਦਾ। ਸਬਰ,ਸਿਦਕ ਨਾਲ ਤੁਰਨਾ ਪੈਂਦਾ। ਨਿਰਾਸ਼ਾ ਮੰਜ਼ਿਲ ਦਾ ਰਾਹ ਰੋਕਦੀ ਹੈ। ਹੌਂਸਲਾ ਛੱਡਣ ਦੀ ਥਾਂ ਕੋਸ਼ਿਸ਼ ਕਰਦੇ ਰਹਿਣਾ ਚਾਹੀਦਾ। ਰਾਹ ਲੱਭ ਹੀ ਜਾਂਦਾ ਹੈ। ਸਾਡੇ ਵਿਤਕਰਿਆਂ ਭਰੇ ਸਮਾਜ ਵਿੱਚ ਬਹੁਤ ਸੰਕਟ ਨੇ। ਅੱਗੇ ਵਧਣ ਵਾਲਿਆਂ ਦੇ ਰਾਹਾਂ ਵਿੱਚ ਕੰਡੇ ਬਿਖਰੇ ਨੇ। ਤੇਰੇ ਮਾਪਿਆਂ ਨੂੰ ਸਮਝਾਉਣ ਲਈ ਹਰ ਸੰਭਵ ਕੋਸ਼ਿਸ਼ ਹੋਏਗੀ। ਮਾਸੀ ਦੇ ਪਿੰਡੋਂ ਹਟ ਆਪਣੇ ਪਿੰਡ ਜਾ ਕੇ ਦਿਲ ਲਾ ਕੇ ਪੜ੍ਹਾਈ ਕਰੀਂ। ਪੜ੍ਹਾਈ ਵਿੱਚ ਮੰਜ਼ਿਲਾਂ ਸਰ ਕਰਨ ਲਈ ਪੁਸਤਕਾਂ ਸੱਚੇ ਦੋਸਤ ਦਾ ਫ਼ਰਜ਼ ਨਿਭਾਉਂਦੀਆਂ ਨੇ। ਸਬਕ ਤੇ ਪ੍ਰੇਰਨਾ ਪੁਸਤਕਾਂ ਵਿੱਚ ਸਮਾਈ ਹੁੰਦੀ ਹੈ।

ਅਗਲੀ ਵਾਰ ਉਨ੍ਹਾਂ ਮੈਥੋਂ ਪਾਸੇ ਮਾਂ ਨਾਲ ਲੰਬੀ ਗੱਲ ਕੀਤੀ। ਉਹ ਸਹਿਜੇ ਹੀ ਮੰਨ ਗਏ। ਵਾਪਸੀ 'ਤੇ ਮੈਨੂੰ ਸੰਮੋਹਕ ਨੀਂਦ ਰਾਹੀ ਸੁਝਾਅ ਦੇਣ ਦੇ ਨਾਲ ਦੋਸਤ ਪੁਸਤਕਾਂ ਵੀ ਸਨਮਾਨ ਵਜੋਂ ਦਿੱਤੀਆਂ। ਮੈਂ ਇਸ ਮੁਲਾਕਾਤ ਤੋਂ ਹੈਰਾਨ ਸਾਂ ਤੇ ਖੁਸ਼ ਵੀ। ਹੋਰਾਂ ਲਈ ਜਿਉਣ ਤੇ ਡਿੱਗਿਆਂ ਨੂੰ ਉਠਾਉਣ ਦਾ ਕਾਰਜ ਮੇਰੇ ਮਨ ਮਸਤਕ ਨੂੰ ਹੁਲਾਰਾ ਦੇ ਗਿਆ।

ਉਸ ਦਿਨ ਤੋਂ ਬਾਅਦ ਮੇਰੀ ਜ਼ਿੰਦਗੀ ਨੇ ਕਰਵਟ ਬਦਲੀ। ਆਪਣੇ ਪਿੰਡ ਨੇੜੇ ਵੱਡੇ ਸਰਕਾਰੀ ਸਕੂਲ ਵਿੱਚ ਪੜ੍ਹਨ ਲੱਗੀ। ਮਾਪਿਆਂ ਦੀ ਸੋਚ ਤੇ ਵਰਤ ਵਿਹਾਰ ਵੀ ਬਦਲ ਗਿਆ। ਮੇਰੀ ਪੜ੍ਹਾਈ ਦੇ ਖਰਚੇ ਤੋਰਨ ਲਈ ਮਾਂ ਹੱਥੀਂ ਕੰਮ ਕਰਨ ਲੱਗੀ। ਪੜ੍ਹਾਈ ਤੋਂ ਵਿਹਲੀ ਹੋ ਮੈਂ ਵੀ ਉਸਦਾ ਦਾ ਹੱਥ ਵਟਾਉਂਦੀ। ਏਸ ਸਕੂਲ ਵਿੱਚ ਵੀ ਅਧਿਆਪਕਾਂ ਦਾ ਬਹੁਤ ਸਾਥ ਮਿਲਿਆ। ਬਾਰ੍ਹਵੀਂ ਕਲਾਸ ਅਵਲ ਨੰਬਰਾਂ ਨਾਲ ਪਾਸ ਕੀਤੀ। ਜਿਸ ਸਦਕਾ ਰਾਜਧਾਨੀ ਦੇ ਕਾਲਜ ਵਿੱਚ ਪੜ੍ਹਨ ਦਾ ਮੌਕਾ ਬਣਿਆ। ਮਾਪਿਆਂ ਤੇ ਅਧਿਆਪਕਾਂ ਦਾ ਸਾਥ ਮੇਰੀ ਤਾਕਤ ਬਣਿਆ। ਪੁਸਤਕ ਸਾਥ ਮੇਰਾ ਮਾਰਗ ਦਰਸ਼ਨ ਕਰਦਾ ਹੈ। ਮੇਰੇ ਜੀਵਨ ਰਾਹ ਵਿੱਚ ਚਾਨਣ ਕਰਨ ਵਾਲੇ ਤਰਕਸ਼ੀਲ ਅੰਕਲ ਦੀ ਪ੍ਰੇਰਨਾ ਮੇਰੇ ਲਈ ਰਾਹ ਦਰਸਾਵਾ ਹੈ। ਜਿੱਤ ਰੂਪੀ ਮੰਜ਼ਿਲ ਸਰ ਕਰਨਾ ਮੇਰਾ ਆਦਰਸ਼ ਹੈ। ਜ਼ਿੰਦਗੀ ਨੂੰ ਪੈਰਾਂ ਸਿਰ ਕਰ ਆਪਣੇ ਵਰਗੀਆਂ ਕੁੜੀਆਂ ਦੇ ਰਾਹ ਰੁਸ਼ਨਾਉਣਾ ਲੋਚਦੀ ਹਾਂ। ਮੈਨੂੰ ਅਰਸ਼ ਦੇ ਖਿਆਲਾਂ ਵਿੱਚੋਂ ਭਵਿੱਖ ਦਾ ਸੁਨਿਹਰਾ ਰਾਹ ਨਜ਼ਰ ਆ ਰਿਹਾ ਸੀ ਜਿਸ ਵਿੱਚ ਚੇਤਨਾ, ਸਫ਼ਲਤਾ ਤੇ ਸੁਪਨਿਆਂ ਦਾ ਸੰਸਾਰ ਵਸਦਾ ਹੈ।

**ਅਵਨੀਤ ਕੌਰ**







# ਰੈੱਡਕਰਾਸ ਦਾ ਬਾਨੀ ਭਾਈ ਕਨੱਈਆ ਕਿ ਹੈਨਰੀ ਡਿਊਨਾ?

**8 ਮਈ ਨੂੰ ਵਿਸ਼ਵ ਰੈੱਡਕਰਾਸ ਦਿਵਸ ’ਤੇ**

ਭਾਈ ਕਨੱਈਆ ਰਾਮ ਜੀ- ਸ਼੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਅਨਿੰਨ ਸੇਵਕ ਅਤੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰੋਂ-ਘਰੋਂ ਵਰੋਸਾਏ ਭਾਈ ਕਨੱਈਆ ਰਾਮ ਜੀ 1702-04 ਈ: ਦੌਰਾਨ ਖ਼ਾਲਸੇ ਦੀ ਜਨਮ-ਭੂਮੀ ਸ਼੍ਰੀ ਅਨੰਦਪੁਰ ਸਾਹਿਬ ਵਿਖੇ ਜਬਰ, ਜ਼ੁਲਮ ਦੇ ਖ਼ਾਤਮੇ ਅਤੇ ਗ਼ਰੀਬਾਂ, ਮਜ਼ਲੂਮਾਂ ਦੀ ਰੱਖਿਆ ਲਈ ਹੋ ਰਹੇ ਧਰਮ ਯੁੱਧ ਵਿੱਚ ਚਮੜੇ ਦੀ ਮਸ਼ਕ ਪਾਣੀ ਦੀ ਭਰ ਕੇ, ਲੜਾਈ ਵਿੱਚ, ਚੱਲਦੀਆਂ ਤੋਪਾਂ ਵਿੱਚ, ਗੋਲੀਆਂ ਦੇ ਵਰ੍ਹਦੇ ਮੀਂਹ ਵਿੱਚ, ਤੀਰਾਂ ਦੀ ਬੁਛਾੜ ਵਿੱਚ ਜਿੱਥੇ ਕੋਈ ਪਾਣੀ ਮੰਗਦਾ, ਪਹੰਚ ਕੇ ਪਾਣੀ ਪਿਆਉਂਦਾ ਹੈ। ਉਹ ਜ਼ਖ਼ਮੀ ਹੋਏ ਦੁਸ਼ਮਣਾਂ ਦੇ ਸੈਨਿਕਾਂ ਨੂੰ ਵੀ ਪਾਣੀ ਪਿਆ ਕੇ ਮੁੜ ਜੀਵਿਤ ਕਰ ਰਿਹਾ ਹੈ। ਕੀ ਇਹ (ਕਨੱਈਆ ਰਾਮ) ਦੁਸ਼ਮਣ ਦੇ ਸੈਨਿਕਾਂ ਨਾਲ ਰਲਿਆ ਹੋਇਆ ਹੈ। ਇਹ ਕਹਿ ਕੇ ਕੁਝ ਸਿੰਘਾਂ ਨੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਕੋਲ ਸ਼ਿਕਾਇਤ ਕੀਤੀ ਕਿ ਅਸੀਂ ਤਾਂ ਮੈਦਾਨੇ ਜੰਗ ਵਿੱਚ ਦੁਸ਼ਮਣ ਨੂੰ ਮੁਸ਼ਕਲ ਨਾਲ ਡੇਗਦੇ ਹਾਂ ਪਰ ਇਕ ਮਾਸਕੀ ਸਿੱਖ ਉਹਨਾਂ ਨੂੰ ਪਾਣੀ ਪਿਆ ਕੇ ਜਿਊਂਦਾ ਕਰ ਦਿੰਦਾ ਹੈ, ਭਾਵ ਨਵਾਂ-ਨਰੋਆ ਕਰ ਦਿੰਦਾ ਹੈ। ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਕਨੱਈਆ ਰਾਮ ਨੂੰ ਸੱਦ ਲਿਆ। ਉਹ ਹੱਥ ਜੋੜ ਕੇ ਗੁਰੂ ਜੀ ਦੇ ਸਾਹਮਣੇ ਖੜ੍ਹਾ ਸੀ। ਸਿੰਘ ਵੀ ਆਲੇ-ਦੁਆਲੇ ਹੋ ਗਏ। ਸਭ ਲੋਕ ਸੋਚ ਰਹੇ ਸਨ ਕਿ ਦੇਖੀਏ ਹੁਣ ਮਾਸ਼ਕੀ ਨੂੰ ਕੀ ਸਜ਼ਾ ਮਿਲਦੀ ਹੈ।

ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬੜੀ ਉਤਸੁਕਤਾ ਨਾਲ ਪੁੱਛਿਆ, ‘‘ਭਾਈ ਕਨੱਈਆ ਰਾਮ ! ਸਾਰੇ ਸਿੰਘ ਸ਼ਿਕਾਇਤ ਕਰਦੇ ਹਨ ਕਿ ਤੁਸੀਂ ਵੈਰੀਆਂ ਨੂੰ ਪਾਣੀ ਪਿਆ ਕੇ ਮੁੜ ਜੀਵਿਤ ਕਰ ਦਿੰਦੇ ਹੋ।’’ ਭਾਈ ਕਨੱਈਆ ਰਾਮ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਤੇ ਡਿੱਗ ਪਿਆ ਤੇ ਆਖਿਆ, ‘‘ਸੱਚੇ ਪਾਤਸ਼ਾਹ ! ਮੈਂ ਕਿਸੇ ਵੈਰੀ ਨੂੰ ਪਾਣੀ ਨਹੀਂ ਪਿਆਇਆ।’’ ਗੁਰੂ ਜੀ ਨੇ ਕਿਹਾ, ‘‘ਹੋਰ ਕਿਸ ਨੂੰ ਪਾਣੀ ਪਿਆਉਂਦਾ ਸੈਂ।’’ ਕੀ ਤੁਸੀਂ ਤੁਰਕ, ਪਹਾੜੀਏ, ਸਿੱਖ ਨੂੰ ਪਾਣੀ ਨਹੀਂ ਪਿਆਇਆ। ਭਾਈ ਕਨੱਈਆ ਰਾਮ ਜੀ ਦਾ ਜਵਾਬ ਨਾਂਹ ਵਿੱਚ ਸੀ। ਜਵਾਬ ਸੁਣ-ਸੁਣ ਕੇ ਸੰਗਤਾਂ ਹੈਰਾਨ ਹੋ ਰਹੀਆਂ ਸਨ। ਗੁਰੂ ਜੀ ਕਹਿਣ ਲੱਗੇ, ‘‘ਜੇ ਤੁਸੀਂ ਤੁਰਕ, ਪਹਾੜੀਏ, ਸਿੱਖ ਨੂੰ ਪਾਣੀ ਨਹੀਂ ਪਿਆਇਆ ਤਾਂ ਫਿਰ ਕਿਸ ਨੂੰ ਪਿਆਉਂਦਾ ਸੈਂ।’’ ਭਾਈ ਕਨੱਈਆ ਰਾਮ ਕਹਿਣ ਲੱਗਾ, ‘‘ਮੈਨੂੰ ਤਾਂ ਹਰ ਇੱਕ ਵਿੱਚ ਆਪ ਦਾ ਹੀ ਰੂਪ ਨਜ਼ਰ ਆਉਂਦਾ ਹੈ। ਮੈਥੋਂ ਤਾਂ ਤੁਸੀਂ ਆਪ ਪਾਣੀ ਮੰਗਦੇ ਹੋ। ਮੈਨੂੰ ਤੁਹਾਡੇ ਬਗ਼ੈਰ ਕੋਈ ਨਜ਼ਰ ਨਹੀਂ ਆਉਂਦਾ ਹੈ। ਮੈਂ ਤਾਂ ਆਪ ਜੀ ਨੂੰ ਹੀ ਪਾਣੀ ਪਿਆਉਂਦਾ ਹਾਂ।

ਤੈਨੂੰ ਪਿਆ ਪਿਲਾਵਾਂ
ਪਾਣੀ ਸਿਰ ਮੇਰੇ ਦੇ ਸਾਈਂ।
ਤੁਰਕ ਅਤੁਰਕ ਨ
ਦਿਸਦਾ ਮੈਨੂੰ ਤੂੰ ਸਾਰੇ ਦਿਸ
ਆਈ।

ਭਾਈ ਕਨੱਈਆ ਰਾਮ ਜੀ ਦੇ ਬਚਨ ਸੁਣ ਕੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਬੜੇ ਪ੍ਰਸੰਨ ਹੋਏ। ਗੁਰੂ ਸਾਹਿਬ ਆਪਣੇ ਆਸਣ ਤੋਂ ਉੱਠੇ ਤੇ ਭਾਈ ਕਨੱਈਆ ਰਾਮ ਨੂੰ ਗਲ (ਛਾਤੀ) ਨਾਲ ਲਾ ਲਿਆ, ਭਾਈ ਜੀ ਦਾ ਮੱਥਾ ਚੁੰਮਿਆ ਤੇ ਪ੍ਰਸੰਨ ਹੋ ਕੇ ਬੋਲੇ, ਤੇਰੀ ਕਮਾਈ ਧੰਨ ਹੈ, ਤੁਸੀਂ ਸਿੱਖੀ ਨੂੰ ਸਮਝਿਆ ਹੈ। ਭਾਈ ਕਨੱਈਆ ਰਾਮ ਜੀ ਨੂੰ ਮਲ੍ਹਮ-ਪੱਟੀ ਦਾ ਡੱਬਾ ਫੜਾ ਕੇ ਕਿਹਾ ਕਿ ਜਿੱਥੇ ਤੁਸੀਂ ਪਿਆਸਿਆਂ ਨੂੰ ਜਲ ਛਕਾ ਕੇ ਉਹਨਾਂ ਦੀ ਪਿਆਸ ਦੂਰ ਕਰਦੇ ਹੋ, ਹੁਣ ਉਹਨਾਂ ਦੇ ਜ਼ਖ਼ਮਾਂ ਤੇ ਮਲ੍ਹਮ-ਪੱਟੀ ਕਰਕੇ ਉਹਨਾਂ ਦਾ ਦਰਦ ਵੀ ਦੂਰ ਕਰਿਆ ਕਰੋ।

ਹੱਸੇ ਤੇ ਗਲ ਲਾਇਆ
ਪਿਆਰਾ ਡਬੀ ਹੱਥ ਫੜਾਈ।
ਪਾਣੀ ਨਾਲ ਮਲ੍ਹਮ ਵੀ
ਰਖੀਂ ਲੋੜ ਪਈ ਤੇ ਲਾਈਂ।

(ਸ਼੍ਰੀ ਸੰਤ ਰਤਨ ਮਾਲ੍ਹਾ)

ਗੁਰੂ ਗੋਬਿੰਦ ਸਿੰਘ ਜੀ, ਭਾਈ ਕਨੱਈਆ ਰਾਮ ਜੀ ਦੀ ਘਾਲ-ਕਮਾਈ ਤੇ ਪ੍ਰਸੰਨ ਹੋ ਕੇ ਆਪਣਾ ਦਸਤੀ ਰੁਮਾਲ ਬਖ਼ਸ਼ਿਸ਼ ਕਰਕੇ ਕਿਹਾ ਕਿ ਇਸ ਨਾਲ ਜ਼ਖ਼ਮੀਆਂ ਦਾ ਮੂੰਹ ਵੀ ਸਾਫ਼ ਕਰ ਦਿਆ ਕਰਨਾ। ਭਾਈ ਕਨੱਈਆ ਰਾਮ ਜੀ ਨੂੰ ਸਾਰੇ ਸਾਧੂ ਜਾਣਨ ਲੱਗ ਪਏ। ਉਹ ਜਿੱਥੋਂ ਲੰਘਦੇ, ਲੋਕ ਨਮਸਕਾਰ ਕਰਦੇ। ਸ਼੍ਰੀ ਸੰਤ ਰਤਨ ਮਾਲ੍ਹਾ ਵਿੱਚ ਇਸ ਤਰ੍ਹਾਂ ਲਿਖਿਆ ਹੈ। ‘‘ਭਾਈ ਕਨੱਈਆ ਜੀ ਸਿੰਘਾਂ ਤੇ ਤੁਰਕਾਂ ਬੀਚ ਵੀ ਵਿਚਰਦੇ। ਕੋਈ ਇਸ ਕੋ ਅਟਕਾਵੈ ਨਾਹੀ। ਨਿਸੰਗ ਹੀ ਫਿਰੇ। ਇਕ ਸਮਾਨ ਸਭੀ ਕੋ ਜਾਨ ਕੇ ਸੇਵਾ ਬੜੇ ਪ੍ਰੇਮ ਸੇ ਕਰਹਿ। ਅਰ ਸਾਧੂ ਜਾਣ ਕੇ ਸਭੀ ਨਮਸਕਾਰ ਕਰੈ, ਕੋਈ ਇਸ ਕੋ ਦੁਖਾਵੈ ਨਾਹੀ।’’





ਭਾਈ ਕਨੱਈਆ ਰਾਮ ਜੀ ਤੋਂ ਉਤਸ਼ਾਹਤ ਹੋ ਕੇ ਕਈ ਹੋਰ ਸਿੱਖ ਵੀ ਮੈਦਾਨੇ ਜੰਗ ਵਿੱਚ ਜਲ ਦੀ ਸੇਵਾ ਤੇ ਮਲ੍ਹਮ-ਪੱਟੀ ਦੀ ਸੇਵਾ ਕਰਦੇ। ਭਾਈ ਕਨੱਈਆ ਰਾਮ ਜੀ ਵੱਲੋਂ ਜੰਗੇ ਮੈਦਾਨ ਵਿੱਚ ਕੀਤੀ ਸੇਵਾ ਦਾ ਸੰਕਲਪ ਹੀ ਰੈੱਡਕਰਾਸ ਦੀ ਰੂਹ ਬਣਿਆ। ਭਾਈ ਕਨੱਈਆ ਰਾਮ ਜੀ ਤੋਂ ਪ੍ਰਚਲਿਤ ‘ਸੇਵਾਪੰਥੀ’ ਸੰਪਰਦਾਇ ਹੋਂਦ ਵਿੱਚ ਆਈ, ਜਿਸ ਦੇ ਪੰਜਾਬ, ਹਰਿਆਣਾ, ਹਿਮਾਚਲ, ਦਿੱਲੀ ਵਿੱਚ 42 ਗੁਰਦੁਆਰੇ/ਡੇਰੇ/ਟਿਕਾਣੇ ਹਨ। ਭਾਈ ਕਨੱਈਆ ਰਾਮ ਜੀ ਦੀ ਜਨਮ ਤਾਰੀਖ਼ ਦਾ ਪਤਾ ਨਾ ਹੋਣ ਕਰਕੇ ਰੈੱਡਕਰਾਸ ਦੇ ਸੰਕਲਪ ਨੂੰ ਜਨੇਵਾ ਸ਼ਹਿਰ ਦੇ ਹੈਨਰੀ ਡਿਊਨਾਂ ਦੇ ਜਨਮ-ਦਿਨ 8 ਮਈ ਨਾਲ ਜੋੜਿਆ ਗਿਆ ਹੈ।

ਹੈਨਰੀ ਡਿਊਨਾਂ:- ਹੈਨਰੀ ਡਿਊਨਾਂ ਦਾ ਜਨਮ 8 ਮਈ 1828 ਈ: ਨੂੰ ਸਵਿਟਜ਼ਰਲੈਂਡ ਦੇਸ਼ ਦੀ ਰਾਜਧਾਨੀ ਜਨੇਵਾ ਵਿੱਚ ਇੱਕ ਉੱਚ ਘਰਾਣੇ ਵਿੱਚ ਹੋਇਆ। ਬਚਪਨ ਵਿੱਚ ਜਿੰਨੀ ਵਿੱਦਿਆ ਪ੍ਰਾਪਤ ਹੋ ਸਕਦੀ ਸੀ, ਪ੍ਰਾਪਤ ਕੀਤੀ। ਡਿਊਨਾਂ ਦਾ ਪਿਤਾ ਜ਼ੀਨ ਜੈਕ ਡਿਊਨਾਂ ਇੱਕ ਸਫਲ ਵਪਾਰੀ ਸੀ। 1853 ਤੋਂ 1858 ਤੱਕ ਉਸ ਨੇ ਇੱਕ ਕੰਪਨੀ ਵਿੱਚ ਨੌਕਰੀ ਕੀਤੀ, ਉਪਰੰਤ ਨੌਕਰੀ ਛੱਡ ਕੇ 31 ਸਾਲ ਦੀ ਉਮਰ ਵਿੱਚ ਆਟਾ ਪੀਸਣ ਦੇ ਕਾਰਖਾਨੇ ਲਾਉਣ ਲਈ ਆਪਣੇ ਮਿੱਤਰਾਂ ਕੋਲੋਂ ਭਾਰੀ ਰਕਮਾਂ ਲੈ ਕੇ ਇੱਕ ਸੁਸਾਇਟੀ ਬਣਾਈ। ਆਟਾ ਪੀਸਣ ਦੇ ਕਾਰਖਾਨੇ ਉਸ ਨੇ ਫਰਾਂਸ ਦੇਸ਼ ਦੇ ਅਧੀਨ ਇਲਾਕੇ ਅਲਜੀਰੀਆ ਵਿੱਚ ਲਾਉਣੇ ਸਨ ਕਿਉਂਕਿ ਉਸ ਇਲਾਕੇ ਵਿੱਚ ਪਾਣੀ ਦੀਆਂ ਆਬਸ਼ਾਰਾਂ ਡਿੱਗਦੀਆਂ ਸਨ। ਉਹਨਾਂ ਆਬਸ਼ਾਰਾਂ ਵਿੱਚੋਂ ਡਿੱਗਣ ਵਾਲੇ ਪਾਣੀ ਦੀ ਸ਼ਕਤੀ ਨਾਲ ਕਾਰਖਾਨੇ ਚੱਲਣੇ ਸਨ। ਇਸ ਕੰਮ ਲਈ ਡਿਊਨਾਂ ਨੂੰ ਫਰਾਂਸ ਦੇ ਬਾਦਸ਼ਾਹ ਕੋਲੋਂ ਆਗਿਆ ਲੈਣ ਦੀ ਲੋੜ ਸੀ।

24 ਜੂਨ 1859 ਈ: ਨੂੰ ਇਟਲੀ ਤੇ ਆਸਟਰੀਆ ਦੋ ਦੇਸ਼ਾਂ ਵਿੱਚ ਸਲਫ਼ਰੀਨੋ ਨਾਂ ਵਾਲੀ ਥਾਂ ਤੇ ਜੰਗ ਹੋ ਰਹੀ ਸੀ। ਜਿਸ ਵਿੱਚ ਇੱਕ ਪਾਸੇ ਇਟਲੀ ਤੇ ਫਰਾਂਸ ਅਤੇ ਦੂਜੇ ਪਾਸੇ ਆਸਟਰੀਆ ਤੇ ਪਰਸ਼ੀਆ ਦੀਆਂ ਫੌਜਾਂ ਸਨ। ਹੈਨਰੀ ਡਿਊਨਾਂ 23 ਜੂਨ ਦੀ ਰਾਤ ਨੂੰ ਯੁੱਧ ਦੇ ਮੈਦਾਨ ਦੇ ਨੇੜੇ ਠਹਿਰਿਆ ਹੋਇਆ ਸੀ, ਪਰ ਉਸ ਨੂੰ ਬਾਦਸ਼ਾਹ ਨਾਲ ਮੁਲਾਕ-ਾਤ ਕਰਨ ਲਈ 15 ਘੰਟੇ ਉਡੀਕ ਕਰਨੀ ਪਈ। ਜੰਗ ਦੇ ਮੈਦਾਨ ਵਿੱਚ ਦੋਵਾਂ ਪਾਸਿਆਂ ਤੋਂ ਹਜ਼ਾਰਾਂ ਸਿਪਾਹੀ ਜ਼ਖ਼ਮੀ ਹੋ ਗਏ ਸਨ, ਜੋ ਚੱਲ ਫਿਰ ਨਹੀਂ ਸਨ ਸਕਦੇ। ਮੈਦਾਨ ਵਿੱਚ ਹੀ ਪਏ ਤੜਪ ਰਹੇ ਸਨ। ਉਹਨਾਂ ਨੂੰ ਦੇਖ ਕੇ ਹੈਨਰੀ ਡਿਊਨਾਂ ਦਾ ਦਿਲ ਤੜਪ ਉੱਠਿਆ। ਉਸ ਨੇ ਨਾਲ ਦੇ ਪਿੰਡ ਦੇ ਲੋਕਾਂ ਦੀ ਸਹਾਇਤਾ ਨਾਲ ਫੱਟੜ ਸੈਨਿਕਾਂ ਨੂੰ ਨੇੜੇ ਦੇ ਹਸਪਤਾਲਾਂ, ਸਕੂਲਾਂ ਅਤੇ ਗਿਰਜਾ ਘਰਾਂ ਵਿੱਚ ਰੱਖ ਕੇ ਉਹਨਾਂ ਦੀ ਕਾਫ਼ੀ ਸਮਾਂ ਸੇਵਾ-ਸੰਭਾਲ ਕੀਤੀ। ਹੈਨਰੀ ਡਿਊਨਾਂ ਨੇ ਆਪਣੇ ਸਹਿਯੋਗੀਆਂ ਤੋਂ ਇਹ ਪ੍ਰਣ ਲਿਆ ਸੀ ਕਿ ਉਹ ਫੱਟੜਾਂ ਦੀ ਸੇਵਾ-ਸੰਭਾਲ ਕਰਦੇ ਸਮੇਂ ਕੌਮਾਂ ਦਾ ਭਿੰਨ-ਭੇਦ ਨਹੀਂ ਕਰਨਗੇ।

ਹੈਨਰੀ ਡਿਊਨਾਂ ਨੇ ਜ਼ਖ਼ਮੀਆਂ ਦੀ ਸੇਵਾ-ਸੰਭਾਲ ਕਰਦਿਆਂ ਇਹ ਸੋਚਿਆ ਕਿ ਸਾਰੀ ਦੁਨੀਆਂ ਵਿੱਚ ਇੱਕ ਅਜਿਹੀ ਸਮਾਜਿਕ ਜਥੇਬੰਦੀ ਬਣੇ ਜਿਸ ਦੀਆਂ ਦੁਨੀਆਂ ਦੇ ਹਰ ਸ਼ਹਿਰ ਵਿੱਚ ਥਾਂ-ਥਾਂ ਸ਼ਾਖਾਵਾਂ ਹੋਣ ਤੇ ਉਸ ਜਥੇਬੰਦੀ ਦੇ ਮੈਂਬਰ ਇਸ ਕਾਰਜ ਨੂੰ ਮਨੁੱਖੀ ਹਮਦਰਦੀ ਦੇ ਨਾਂ ਤੇ ਕਰਨ। 31 ਸਾਲ ਦੀ ਉਮਰ ਵਿੱਚ ਡਿਊਨਾਂ ਨੇ ਜ਼ਖ਼ਮੀ ਸਿਪਾਹੀਆਂ ਦੀ ਹਾਲਤ ਦੇ ਸੁਧਾਰ ਲਈ ਆਪਣਾ ਜੀਵਨ ਅਰਪਣ ਕਰ ਦਿੱਤਾ। ਉਸ ਦੇ ਪਿੱਛੋਂ ਉਹ ਆਪਣੇ ਘਰ ਵੱਲ ਨਹੀਂ ਮੁੜਿਆ। ਉਹ ਸਰਬ-ਸਾਂਝੀ ਰੈੱਡਕਰਾਸ ਦੀ ਸਥਾਪਨਾ ਦੇ ਕੰਮ ਵਿੱਚ ਜੁੱਟ ਗਿਆ। ਉਸ ਨੇ ਇੱਕ ਪੁਸਤਕ ‘ਸਲਫਰੀਨੋ ਦੀ ਯਾਦ’ ਵੀ ਲਿਖੀ। ਹੈਨਰੀ ਡਿਊਨਾਂ ਦੀ ਪੁਸਤਕ ਨੂੰ ਪੜ੍ਹ ਕੇ ਸਵਿਟਜ਼ਰਲੈਂਡ ਦੇ ਲੋਕ ਉਸ ਨਾਲ ਆ ਜੁੜੇ। 1863 ਵਿੱਚ ਰੈੱਡਕਰਾਸ ਲਹਿਰ ਦਾ ਜਨਮ ਹੋਇਆ। 1867 ਵਿੱਚ ਡਿਊਨਾਂ ਨੇ ਰੈੱਡਕਰਾਸ ਦੀ ਕੌਮਾਂਤਰੀ ਕਮੇਟੀ ਦੇ ਸਕੱਤਰ ਵਜੋਂ ਅਸਤੀਫਾ ਦੇ ਦਿੱਤਾ, ਜੋ ਪ੍ਰਵਾਨ ਕਰ ਲਿਆ ਗਿਆ। 1901 ਵਿੱਚ ਹੈਨਰੀ ਡਿਊਨਾਂ ਨੂੰ ਨਾਰਵੇ ਦੀ ਸਰਕਾਰ ਦੁਆਰਾ ਪਹਿਲਾ ‘ਨੋਬਲ ਪੁਰਸਕਾਰ’ ਦਿੱਤਾ ਗਿਆ, ਪਰ ਉਸ ਨੇ ਇਨਾਮ ਦੀ ਸਾਰੀ ਰਾਸ਼ੀ ਤੇ ਸੁਗਾਤਾਂ ਦੀ ਰਕਮ ਦੁਖੀਆਂ ਤੇ ਜ਼ਖ਼ਮੀਆਂ ਦੀ ਸੇਵਾ ਲਈ ਖ਼ਰਚਣ ਦੀ ਵਸੀਅਤ ਕਰਾ ਦਿੱਤੀ।

49 ਸਾਲ ਉਹ ਦੁਨੀਆਂ ਦੇ ਸਾਰੇ ਦੇਸ਼ਾਂ ਵਿੱਚ ਆਪਣੇ ਖ਼ਿਆਲ ਦੇ ਪ੍ਰਚਾਰ ਲਈ ਫਿਰਦਾ ਰਿਹਾ। 80 ਸਾਲ ਦੀ ਉਮਰ ਵਿੱਚ ਸੰਨ 1908 ਈ: ਨੂੰ ਜਦ ਹੈਨਰੀ ਡਿਊਨਾਂ ਆਪਣੇ ਜਨਮ ਦੇ ਸ਼ਹਿਰ ਜਨੇਵਾ ਪਹੁੰਚਿਆ ਤਾਂ ਉਸ ਨੇ ਪੁਰਾਣੇ ਘਸੇ ਹੋਏ ਮਾਮੂਲੀ ਕੱਪੜੇ ਪਹਿਨੇ ਹੋਏ ਸਨ। ਉਸ ਦੇ ਚਿਹਰੇ ’ਤੇ ਭਰਵੀ ਲੰਮੀ ਦਾਹੜੀ ਆਈ ਹੋਈ ਸੀ। 30 ਅਕਤੂਬਰ 1910 ਈ: ਨੂੰ 82 ਸਾਲ ਦੀ ਉਮਰ ਵਿੱਚ ਹੈਨਰੀ ਡਿਊਨਾਂ ਦਾ ਹੇਡਨ ਹਸਪਤਾਲ ਵਿੱਚ ਦਿਹਾਂਤ ਹੋ ਗਿਆ।

ਅੱਜ-ਕੱਲ੍ਹ ਜੰਗ ਯੁੱਧ ਦੇ ਸਮੇਂ ਹੁਣ ਰਣ-ਖੇਤਰ ਵਿੱਚ ਵੱਖ-ਵੱਖ ਸੁਸਾਇਟੀਆਂ ਜ਼ਖ਼ਮੀ ਲੋਕਾਂ ਦੀ ਮਲ੍ਹਮ-ਪੱਟੀ ਕਰਦੀਆਂ ਹਨ ਤੇ ਹੋਰ ਡਾਕਟਰੀ ਸਹਾਇਤਾ ਦਿੰਦੀਆਂ ਹਨ। ਜਿਨ੍ਹਾਂ ਨੂੰ ਰੈੱਡਕਰਾਸ ਦਾ ਨਾਂਅ ਦਿੱਤਾ ਜਾਂਦਾ ਹੈ ਕਿਉਂਕਿ ਲਾਲ ਰੰਗ ਵਿੱਚ ਜਮ੍ਹਾਂ (+) ਦੇ ਨਿਸ਼ਾਨ ਨੂੰ ਅਪਣਾ ਕੇ ਦੇਸ਼ ਨੇ ਇਸ ਨੂੰ ਅੰਤਰਰਾਸ਼ਟਰੀ ਪੱਧਰ ਦੀ ਮਾਨਤਾ ਦਿੱਤੀ ਹੋਈ ਹੈ। ਕੁਝ ਲੇਖਕਾਂ, ਵਿਦਵਾਨਾਂ ਦਾ ਕਹਿਣਾ ਹੈ ਕਿ ਰੈੱਡਕਰਾਸ ਦਾ ਬਾਨੀ ਹੈਨਰੀ ਡਿਊਨਾਂ ਹੈ ਜਦ ਕਿ ਸੇਵਾ ਦੇ ਪੁੰਜ ਭਾਈ ਕਨੱਈਆ ਰਾਮ ਜੀ ਨੇ 155 ਸਾਲ ਪਹਿਲਾਂ (1704) ਵਿੱਚ ਹੀ ਰੈੱਡਕਰਾਸ ਦਾ ਨੀਂਹ-ਪੱਥਰ ਰੱਖ ਦਿੱਤਾ ਸੀ। ਰੈੱਡਕਰਾਸ ਦਾ ਅਸਲੀ ਬਾਨੀ ਭਾਈ ਕਨੱਈਆ ਰਾਮ ਹੀ ਹੈ। ਉਹਨਾਂ ਨੇ 18ਵੀਂ ਸਦੀ ਦੇ ਸ਼ੁਰੂ ਵਿੱਚ ਇਹ ਸੇਵਾ ਕਰ ਵਿਖਾਈ ਜਿਸ ਦੀ ਲੋੜ ਸੰਸਾਰ ਦੇ ਕਈ ਦੇਸ਼ਾਂ ਨੇ ਮਿਲ ਕੇ 19 ਵੀਂ ਸਦੀ ਦੇ ਅੱਧ ਵਿੱਚ ਮਹਿਸੂਸ ਕੀਤੀ।

ਪ੍ਰੋ: ਪ੍ਰਕਾਸ਼ ਸਿੰਘ ਅਨੁਸਾਰ ਸੰਸਾਰ ਦੇ ਇਤਿਹਾਸ ਵਿੱਚ ਸ਼ਾਇਦ ਕੁਝ ਅਜਿਹੇ ਵਿਅਕਤੀ ਲੱਭ ਪੈਣ ਜਿਨ੍ਹਾਂ ਨੇ ਜੰਗ ਦੇ ਸਮੇਂ ਫੱਟੜਾਂ, ਰੋਗੀਆਂ ਤੇ ਲੋੜਵੰਦਾਂ ਦੀ ਤਨੋਂ ਮਨੋਂ ਸੇਵਾ ਕੀਤੀ ਹੋਵੇ ਜਿਵੇਂ ਕਿ ਫਲੋਰੈਂਸ ਨਾਈਟਿੰਗੇਲ (1820-1910) ਜੋ ਕ੍ਰਿਸ਼ਚੀਅਨ ਹਸਪਤਾਲ ਦੀ ਨਰਸ ਸੀ ਪਰ ਭਾਈ ਕਨੱਈਆ ਜੀ ਵਰਗੀ ਸਮਦ੍ਰਿਸ਼ਟੀ ਨਾਲ ਨਿਰਪੱਖ, ਨਿਸ਼ਕਪਟ ਤੇ ਨਿਰਛਲ ਸੇਵਾ ਕਿਸੇ ਨੇ ਨਹੀਂ ਕੀਤੀ। ਭਾਈ ਕਨੱਈਆ ਜੀ ਨੇ ਇਹ ਬੇਮਿਸਾਲ ਸੇਵਾ ਉਦੋਂ ਕਰ ਵਿਖਾਈ ਜਦੋਂ ਸੰਸਾਰ ਵਿੱਚ ਇਸ ਪੱਖੋਂ ਅਜੇ ਜਾਗ੍ਰਿਤੀ ਨਹੀਂ ਸੀ ਆਈ। ਅੱਜ ਜੰਗੀ ਸ਼ਹੀਦਾਂ, ਕੈਦੀਆਂ, ਜ਼ਖ਼ਮੀਆਂ, ਕੁਦਰਤੀ ਤੇ ਗੈਰ ਕੁਦਰਤੀ ਆਫ਼ਤਾਂ ਦੀ ਮਾਰ ਹੇਠ ਆਏ ਲੋਕਾਂ ਦੀ ਸੇਵਾ ਸੰਭਾਲ ਰੈੱਡਕਰਾਸ ਹੀ ਕਰਦੀ ਹੈ। ਸੋ ਅੱਜ ਲੋੜ ਹੈ ਸਮੁੱਚੇ ਸੰਸਾਰ ਵਿੱਚ ਭਾਈ ਕਨੱਈਆ ਰਾਮ ਤੇ ਹੈਨਰੀ ਡਿਊਨਾਂ ਦੇ ਪਦ-ਚਿੰਨ੍ਹਾਂ ਤੇ ਚੱਲਦੇ ਹੋਏ ਭਾਈ ਕਨੱਈਆ ਸੇਵਾ ਸੁਸਾਇਟੀਆਂ, ਭਾਈ ਕਨੱਈਆ ਸੇਵਾ ਮਿਸ਼ਨ, ਰੈੱਡਕਰਾਸ ਸੰਸਥਾਵਾਂ ਤੇ ਹੋਰ ਸਮਾਜ-ਸੇਵੀ ਸੰਸਥਾਵਾਂ ਨੂੰ ਬਿਨਾਂ ਕਿਸੇ ਭੇਦ-ਭਾਵ ਦੇ ਮਰੀਜ਼ਾਂ ਤੇ ਲੋੜਵੰਦਾਂ ਦੀ ਸੇਵਾ ਕਰਨ ਦੀ।

**ਕਰਨੈਲ ਸਿੰਘ**
**ਐੱਮ.ਏ. ਲੁਧਿਆਣਾ**
**#1138/63-ਏ, ਗੁਰੂ ਤੇਗ਼ ਬਹਾਦਰ ਨਗਰ,**
**ਗਲੀ ਨੰਬਰ-1, ਚੰਡੀਗੜ੍ਹ ਰੋਡ,**
**ਜਮਾਲਪੁਰ, ਲੁਧਿਆਣਾ।**
**Emial :- Karnialisnghma@gmial.com**

# ਸਾਹਿਤ ਸਮਾਜ

## ਗੁਲਦਸਤਾ

ਗੁਰਦਿਆਲ ਕੌਰ ਜਲਦੀ ਕਰ ਆਪਾਂ ਨੇ ਲੇਟ ਹੋ ਜਾਣਾ, ਹੋਰ ਕਿੰਨਾ ਸਮਾਂ ਲੱਗਣਾ ਹੈ ਤੈਨੂੰ ਤਿਆਰ ਹੋਣ ਵਿੱਚ। ਬਸ ਜੀ, ਆਈ 10 ਮਿੰਟ ਰੁਕੋ ,ਹੁਣੇ ਹੀ ਤਿਆਰ ਹੋ ਕੇ ਆਈ। ਚਲ ,ਜਲਦੀ ਕਰ ,ਗੱਡੀ ਵਿੱਚ ਬੈਠ ਆਪਾਂ ਪਹਿਲਾਂ ਹੀ ਲੇਟ ਹੋ ਚੁੱਕੇ ਹਾਂ। ਗੁਰਦਿਆਲ ਕੌਰ ਅਤੇ ਮਾਸਟਰ ਹਰਦੀਪ ਸਿੰਘ ਦੋਵੇਂ ਗੱਡੀ ਵਿੱਚ ਬੈਠ ਕੇ ਫੰਕਸ਼ਨ ਲਈ ਰਵਾਨਾ ਹੋ ਚੁੱਕੇ ਸੀ। ਰਸਤੇ ਦੇ ਅੱਧ ਵਿਚਕਾਰ ਜਾ ਕੇ ਗੁਰਦਿਆਲ ਕੌਰ ਨੂੰ ਯਾਦ ਆਇਆ ਕਿ, ਰਿਸ਼ਤੇਦਾਰਾਂ ਨੂੰ ਦੇਣ ਵਾਲਾ ਤੋਹਫਾ ਤਾਂ ਘਰ ਵਿੱਚ ਹੀ ਰਹਿ ਗਿਆ ਹੈ। ਮਾਸਟਰ ਹਰਦੀਪ ਸਿੰਘ ਨੂੰ ਬਹੁਤ ਗੁੱਸਾ ਆ ਰਿਹਾ ਸੀ, ਆਪਣੀ ਪਤਨੀ ਤੇ ਕਿਉਂਕਿ ਉਹ ਪਹਿਲਾਂ ਹੀ ਲੇਟ ਹੋ ਚੁੱਕੇ ਸਨ ਤੇ ਉਸ ਉੱਤੇ ਰਿਸ਼ਤੇਦਾਰਾਂ ਨੂੰ ਦੇਣ ਵਾਲਾ ਤੋਹਫਾ ਵੀ ਘਰ ਵਿੱਚ ਰਹਿ ਗਿਆ ਸੀ। ਹੁਣ ਉਨਾਂ ਕੋਲ ਇੰਨਾ ਸਮਾਂ ਨਹੀਂ ਸੀ ਕਿ ਉਹ ਕੋਈ ਤੋਹਫਾ ਖਰੀਦ ਸਕਦੇ ਸਨ ।ਥੋੜੀ ਜਿਹੀ ਅੱਗੇ ਜਾ ਕੇ ਉਨਾਂ ਨੇ ਦੇਖਿਆ ਕਿ ਅੱਗੇ ਇੱਕ ਬਹੁਤ ਵੱਡੀ ਨਰਸਰੀ ਹੈ, ਅਤੇ ਉਸ ਵਿੱਚ ਫੁੱਲਾਂ ਦੀ ਦੁਕਾਨ ਵੀ ਹੈ। ਪਤੀ ਪਤਨੀ ਦੋਵਾਂ ਨੇ ਵਿਚਾਰ ਬਣਾਇਆ ,ਕਿਉਂ ਨਾ ਇੱਥੋਂ ਇੱਕ ਗੁਲਦਸਤਾ ਤਿਆਰ ਕਰਵਾ ਲਿਆ ਜਾਵੇ, ਗੁਲਦਸਤੇ ਦੇ ਨਾਲ ਉਹ ਕੁੱਝ ਨਗਦੀ ਦੇ ਦੇਣਗੇ। ਇਸ ਗੱਲ ਤੇ ਦੋਵਾਂ ਦੀ ਸਹਿਮਤੀ ਹੋ ਗਈ। ਦੋਵੇਂ ਪਤੀ ਪਤਨੀ ਨਰਸਰੀ ਕੋਲ ਜਾ ਕੇ ਰੁੱਕ ਗਏ ਅਤੇ ਗੁਲਦਸਤਾ ਤਿਆਰ ਕਰਵਾਉਣ ਲਈ ਕਹਿਣ ਲੱਗੇ। ਗੁਲਦਸਤਾ ਤਿਆਰ ਕਰਵਾਉਣ ਵਾਲੀ ਕੀਮਤ ਨੂੰ ਲੈ ਕੇ ਗੁਰਦਿਆਲ ਕੌਰ ਅਤੇ ਦੁਕਾਨਦਾਰ ਵਿੱਚ ਸਹਿਮਤੀ ਨਹੀਂ ਹੋ ਰਹੀ ਸੀ। ਉਨਾਂ ਦੀ ਬਹਿਸ ਸੁਣ ਕੇ ਨਰਸਰੀ ਅਤੇ ਫੁੱਲਾਂ ਦੀ ਦੁਕਾਨ ਦਾ ਮਾਲਕ ਬਾਹਰ ਆਇਆ, ਥੋੜੀ ਦੇਰ ਉਨਾਂ ਵੱਲ ਦੇਖ ਕੇ ਉਨਾਂ ਨੂੰ ਬਿਨਾਂ ਪੈਸੇ ਲਏ ਹੀ ਗੁਲਦਸਤਾ ਦੇਣ ਲਈ ਕਿਹਾ, ਮਾਸਟਰ ਹਰਦੀਪ ਸਿੰਘ ਬੜੇ ਹੀ ਹੈਰਾਨ ਹੋਏ, ਫਿਰ ਉਹ ਦੁਕਾਨਦਾਰ ਮਾਸਟਰ ਹਰਦੀਪ ਸਿੰਘ ਦੇ ਪੈਰੀ ਪੈ ਗਿਆ, ਤੇ ਕਹਿਣ ਲੱਗਿਆ ,ਸਰ ਜੀ,ਸਰ ਜੀ, ਤੁਸੀਂ ਪਛਾਣਿਆ ਨਹੀਂ ਮੈਨੂੰ। ਮੈਂ ਗੁਰਤੇਜ ਸਿੰਘ ਤੁਹਾਡਾ ਵਿਦਿਆਰਥੀ, ਮੈਂ ਅੱਜ ਜੋ ਵੀ ਹਾਂ ਜਾਂ ਮੇਰੇ ਕੋਲ ਜੋ ਵੀ ਕੁਝ ਹੈ ,ਉਹ ਤੁਹਾਡੀ ਹੀ ਮਿਹਰਬਾਨੀ ਹੈ। ਮਾਸਟਰ ਹਰਦੀਪ ਸਿੰਘ ਨੂੰ ਥੋੜਾ ਵੀ ਵਕਤ ਨਾ ਲੱਗਿਆ ਆਪਣੇ ਵਿਦਿਆਰਥੀ ਗੁਰਤੇਜ ਸਿੰਘ ਨੂੰ ਪਛਾਣਨ ਵਿੱਚ। ਪਰ ਸਰ ਜੀ ਮੈਨੂੰ ਮਾਫ ਕਰ ਦਿਓ, ਉਸ ਵਕਤ ਮੈਂ ਤੁਹਾਡੇ ਹੱਕ ਚ ਨਹੀਂ ਖਲੋ ਸਕਿਆ, ਪਰ ਤੁਹਾਡੀ ਸਿਖਾਈ ਹੋਈ ਬਾਗਬਾਨੀ ਅਤੇ ਹੱਥ ਦੇ ਕੀਤੇ ਨੇ ਮੈਨੂੰ ਆਪਣੀ ਰੋਜੀ ਰੋਟੀ ਕਮਾਣ ਲਾ ਦਿੱਤਾ ਹੈ। ਇਸੇ ਕੀਤੇ ਦੇ ਸਹਾਰੇ ਮੈਂ ਆਪਣਾ ਅਤੇ ਆਪਣੇ ਪਰਿਵਾਰ ਦਾ ਪਾਲਨ ਪੋਸ਼ਣ ਕਰ ਰਿਹਾ ਹਾਂ। ਮਾਸਟਰ ਹਰਦੀਪ ਸਿੰਘ ਦੀਆਂ ਅੱਖਾਂ ਗਿੱਲੀਆਂ ਹੋ ਗਈਆਂ ਅਤੇ ਉਹ ਬੀਤੇ ਸਮੇਂ ਵਿੱਚ ਚਲੇ ਗਏ, ਜਦੋਂ ਉਹ ਆਪਣੇ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ ਨਾਲ ਹੱਥੀ ਕੰਮ ਕਰਨ ਦੇ ਵੀ ਹੁਨਰ ਸਿਖਾਂਦੇ ਸੀ ,ਇਸ ਦੇ ਨਾਲ ਹੀ ਉਹ ਬੱਚਿਆਂ ਨੂੰ ਖੇਤੀ ਦੇ ਤਜੁਰਬੇ ਅਤੇ ਬਾਗਬਾਨੀ ਦੇ ਕੰਮਾਂ ਵਿੱਚ ਲਾਈ ਰੱਖਦੇ ਸੀ, ਤਾਂ ਜੋ ਬੱਚੇ ਪੜ੍ਹਾਈ ਦੇ ਨਾਲ ਨਾਲ ਜ਼ਿੰਦਗੀ ਦੇ ਤਜਰਬੇ ਵੀ ਸਿੱਖਦੇ ਰਹਿਣ। ਪਰ ਉਹ ਮੰਦਭਾਗਾ ਦਿਨ ਜਿਸ ਦਿਨ ਕਿਸੇ ਅਨਪੜ ਵਿਅਕਤੀ ਨੇ ਗੁਰਤੇਜ ਦੀ ਸਕੂਲ ਵਿੱਚ ਕਹੀ ਚਲਾਉਂਦੇ ਦੀ ਫੋਟੋ ਖਿੱਚ ਕੇ ਅਖਬਾਰ ਵਿੱਚ ਪਾ ਦਿੱਤੀ ਅਤੇ ਲਿਖ ਦਿੱਤਾ ਕਿ ਮਾਸਟਰ ਹਰਦੀਪ ਸਿੰਘ ਸਕੂਲ ਵਿੱਚ ਪੜ੍ਹਾਈ ਦੀ ਥਾਂ ਬੱਚਿਆਂ ਤੋਂ ਦਿਹਾੜੀ ਕਰਵਾਉਂਦੇ ਹਨ , ਜਿਸ ਦੇ ਸਿੱਟੇ ਵਜੋਂ ਮਾਸਟਰ ਹਰਦੀਪ ਸਿੰਘ ਨੂੰ ਉਨਾਂ ਦੀਆਂ ਸੇਵਾਵਾਂ ਤੋਂ ਮੁਅੱਤਲ ਕਰ ਦਿੱਤਾ ਗਿਆ ਸੀ। ਮਾਸਟਰ ਹਰਦੀਪ ਸਿੰਘ ਇੰਨਾ ਸੋਚ ਹੀ ਰਹੇ ਸੀ ਕਿ ਗੁਰਤੇਜ ਨੇ ਉਨਾਂ ਨੂੰ ਬੁਲਾਇਆ, ਤੇ ਕਹਿਣ ਲੱਗਿਆ ਤੁਹਾਡੇ ਵਰਗੇ ਮਾਸਟਰ ਬੱਚਿਆਂ ਨੂੰ ਸਿਰਫ ਪੜਾਉਂਦੇ ਹੀ ਨਹੀਂ, ਉਨਾਂ ਨੂੰ ਅਸਲ ਜ਼ਿੰਦਗੀ ਵਿੱਚ ਵਿਚਰਨਾ ਵੀ ਸਿਖਾਂਦੇ ਹਨ। ਮਾਸਟਰ ਜੀ ਮੈਂ ਪੜ੍ਹਾਈ ਵੀ ਬਹੁਤ ਕੀਤੀ ,ਨੌਕਰੀ ਦੇ ਫਾਰਮ ਵੀ ਬਹੁਤ ਭਰੇ ,ਪੇਪਰ ਵੀ ਬਹੁਤ ਦਿੱਤੇ, ਪਰ ਜਦ ਆਖਿਰ ਚ ਕੁਝ ਵੀ ਨਾ ਬਣਿਆ, ਤਾਂ ਮੈਨੂੰ ਆਪਣੇ ਅੰਦਰ ਛਿਪਿਆ ਇਹ ਹੁਨਰ ਦਿਖਿਆ, ਜਿਸ ਦਾ ਬੀਜ ਤੁਸੀਂ
ਬਚਪਨ ਚ ਮੇਰੇ ਅੰਦਰ ਬੋਇਆ ਸੀ, ਬਾਗਬਾਨੀ ਦਾ, ਜਿਹੜਾ ਕਿ ਤੁਸੀਂ ਹਰ ਬੱਚੇ ਚ ਕੱਢਣਾ ਚਾਹੁੰਦੇ ਸੀ,ਉਸਦਾ ਹੀ ਪਰਿਣਾਮ ਹੈ, ਕਿ ਅੱਜ ਮੈਂ ਆਪਣੇ ਪੈਰਾਂ ਤੇ ਖੜਾ ਹਾਂ। ਧੰਨਵਾਦ ਸਰ ਜੀ।



ਨੀਤੂ ਰਾਣੀ
ਗਣਿਤ ਅਧਿਆਪਿਕਾ
ਲਹਿਰਾਗਾਗਾ

## ਨਾਵਾਂ ਵਿੱਚ ਕੀ ਰੱਖਿਆ?

ਕੁਝ ਨਾਂਉਂ ਹੁੰਦੇ, ਰੱਬ ਵਰਗੇ,ਰਾਮ,ਈਸ਼ਵਰ, ਅੱਲਾ-ਬਖਸ਼। ਬਖਸ਼ਿਸ਼ ਹੁੰਦੀ, ਨੇਕ ਨਾਵਾਂ ਵਾਲਿਆਂ ਉੱਤੇ। ਕੁਝ ਡੇਰਿਆਂ ਦੇ,ਮਾਲਕ ਹੁੰਦੇ ਜਿਵੇਂ ਰਾਮ ਰਹੀਮ। ਪੁਸ਼ਤ-ਪਨਾਹੀ ਸਰਕਾਰਾਂ ਦੀ ਹੁੰਦੀ, ਕੰਮ ਕਰਦੇ ਪੁੱਠੇ। ਜੌਰਡਨ ਸੰਧੂ,ਅਮਰੀਕਾ ਸਿੰਘ, ਭਾਰਤ-ਇੰਦਰ,ਨਾਮ ਰਖਵਾ ਲੈਂਦੇ, ਦੇਸ਼ਾਂ ਦੇ ਨਾਂ ਤੇ।ਅੱਗ ਵਰਗਾ ਹੁੰਦਾ ਜਵਾਲਾ ਸਿੰਘ, ਸ਼ੀਤਲ ਸਿੰਘ ਸ਼ੀਤ,ਹੈ ਰਹਿੰਦਾ।ਅੱਲਾ-ਰੱਖਾ ਨੂੰ,ਰੱਬ ਬਚਾਉਂਦਾ।ਮਿਹਰ ਰੱਬ ਦੀ ਨਾਲ, ਅਜ਼ਹਰ-ਰਹੀਮ ਵਿਚ ਮਸੀਤੇ ਹੈ ਬਹਿੰਦਾ।
ਪ੍ਰੀਤਮ ਕਰੇ ਪਿਆਰ, ਵਾਹਿਗੁਰੂ ਦੇ ਧਿਆਨ ਵਿੱਚ, ਹਮੇਸ਼ਾ ਜਾਪ ਕਰੇ। ਪਵਿੱਤਰ ਕਈ ਵਾਰ, ਨਾਮ-ਧਰੀਕ ਹੁੰਦਾ, ਡੁੱਬਦਾ ਵਿੱਚ ਪਾਪ ਰਹੇ। ਗਿਰਜਾ ਘਰ ਦੇ ਪਾਦਰੀ ਸਾਹਿਬਾਨ,ਸੰਬੋਧਨ ਕਰਦੇ,ਡੀਅਰ ਬਰਦਰ ਐਂਡ ਸਿਸਟਰਜ਼, ਸਿੱਖਾਂ ਵਿੱਚ, ਸਤਿਕਾਰ ਵਜੋਂ, ਭਾਈ ਸਾਹਿਬ ਭਾਈ ਦਾ,ਅਗੇਤਰ ਲਾਉਂਦੇ ।ਹਿੰਦੂਆਂ ਵਿੱਚ ਆਦਰਣੀਯ, ਮੁਸਲਮਾਨਾਂ ਵਿੱਚ ਅੱਲਾ-ਬਖਸ਼ ਕਹਿ ਬੁਲਾਉਂਦੇ। ਅਸਲਾਮਾ-ਲੇਕੁਮ-ਸਲਾਮ, ਮੁਸਲਮਾਨੀ ਅਦਬ,ਮਸੀਹ ਕਹਿੰਦੇ ਗੌਡ-ਬਲੈਸ-ਯੂ, ਹਿੰਦੂਆਂ ਵਿੱਚ ਜੈ ਸ਼੍ਰੀ ਰਾਮ ਬੋਲਦੇ। ਸਿੱਖਾਂ ਵਿੱਚ "ਜੋ ਬੋਲੇ ਸੋ ਨਿਹਾਲ-ਸਤਿ ਸ੍ਰੀ ਅਕਾਲ" ਦਾ ਜੈਕਾਰਾ ਬੋਲਦੇ। ਨਾਂਉਂ ਭੁਲੇਖਾ ਦਿੰਦੇ, ਜਿਵੇਂ ਹੁਸ਼ਿਆਰ ਸਿੰਘ ਕਮਜ਼ੋਰ ਹੈ ਹੁੰਦਾ। ਹਰਜੀਤ ਕੋਈ, ਜਿੱਤ ਨ੍ਹੀਂ ਕਰਦਾ,ਕਦੀ ਕਦੀ ਕੰਮਚੋਰ ਹੈ ਹੁੰਦਾ। ਬੁੱਧੂ ਨੂੰ ਸਾਰੇ, ਬੇਅਕਲ ਸਮਝਦੇ, ਹਿਸਾਬ 'ਚ ਸਭ ਨੂੰ, ਹੈ ਪਛਾੜਦਾ। ਅਕਲਾਂ ਬਾਝੋਂ,ਹੁੰਦੇ ਖੂਹ ਖਾਲੀ,ਖੜੋਤਾ ਪਾਣੀ, ਬਦਬੂ ਹੈ ਮਾਰਦਾ।





ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ ਹਾਲ-ਆਬਾਦ # 639/40ਏ ਚੰਡੀਗੜ੍ਹ।ਫੋਨ ਨੰਬਰ : 9878469639




# AMBEDKAR INTERNATIONAL MISSION, LONDON

***Pays Homage To***

## THE GREAT DR BABASAHEB AMBEDKAR

***On the occasion of his 134th Birth Anniversary***

**Sunday, 11th May, 2025 From 2 pm (sharp) until 6 pm**

**At Elmhurst School, Upton Park Road, London, E7 8JY**

**All are cordially invited along with family, friends and relatives**

Speeches and poetry by distinguished guests

Sir Stephen Timms MP, Minister of State at the Department for Work and Pensions will be in attendance from 2 pm until 2:30 pm

## CHIEF GUEST



**Dr. B.P. Ashok (IPS Retd), PhD, D.Litt.**

Dr. B.P. Ashok is a prominent public figure now retired from his professional role as an Indian Police Service Officer. He has delivered over 5,000 lectures on social, cultural,religious, political, and motivational issues worldwide, including at the London School of Economics, House of Commons (UK), the University of London, the National Police Academy in Hyderabad, the UP Academy of Administration, and leading Strategic Change course at the Royal Institute of Public Administration in London, as well as lectured at various other universities around the world. He is also the author of more than 30 books.

### Transport and Parking

Nearest Underground: Upton Park, District, Hammersmith and City lines.

The venue is 10 minutes' walk from Upton Park Underground Station

### Cultural Entertainment

Giani Tarsem Singh Virdee and Party London (+91 9855 08290)
Tabla and Dhol Academy,

Dance performance:
Ms Tamalika and Ms Sonia

**Free parking at Elmhurst Primary School**

**Lunch will be strictly served between 12 noon - 1:30 pm only**

**Contact: Tel. 07751-668926**

# ਪੰਜਾਬ ਵਿੱਚ ਡੇਂਗੂ ਦਾ ਵਧਦਾ ਖ਼ਤਰਾ: ਅਗੇਤੀ ਜਾਗਰੂਕਤਾ ਹੀ ਬਚਾਅ

ਪੰਜਾਬ ਵਿੱਚ ਡੇਂਗੂ ਦੇ ਕੇਸਾਂ ਵਿੱਚ ਹੌਲੀ-ਹੌਲੀ ਵਾਧਾ ਦੇਖਣ ਨੂੰ ਮਿਲ ਰਿਹਾ ਹੈ, ਜੋ ਕਿ ਇੱਕ ਚਿੰਤਾ ਦਾ ਵਿਸ਼ਾ ਹੈ। ਇਹ ਇੱਕ ਮੱਛਰ-ਜਨਿਤ ਬਿਮਾਰੀ ਹੈ ਜੋ ਏਡੀਜ਼ ਅਜਿਪਟੀ (ਅਏਦਏਸ ਓਏਗੇਪਟਿ) ਨਾਮਕ ਮਾਦਾ ਮੱਛਰ ਦੇ ਕੱਟਣ ਨਾਲ ਫੈਲਦੀ ਹੈ। ਬਰਸਾਤ ਦੇ ਮੌਸਮ ਤੋਂ ਬਾਅਦ ਇਸ ਬਿਮਾਰੀ ਦੇ ਫੈਲਣ ਦਾ ਖ਼ਤਰਾ ਹੋਰ ਵੀ ਵੱਧ ਜਾਂਦਾ ਹੈ ਕਿਉਂਕਿ ਇਸ ਸਮੇਂ ਦੌਰਾਨ ਮੱਛਰਾਂ ਦੇ ਪ੍ਰਜਨਨ ਲਈ ਅਨੁਕੂਲ ਹਾਲਾਤ ਪੈਦਾ ਹੋ ਜਾਂਦੇ ਹਨ।

ਸਿਹਤ ਵਿਭਾਗ ਵੱਲੋਂ ਇਸ ਬਿਮਾਰੀ ਨੂੰ ਲੈ ਕੇ ਸਮੇਂ-ਸਮੇਂ 'ਤੇ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਜਾਂਦੇ ਹਨ ਅਤੇ ਇਸ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਵਜੋਂ ਸਿਹਤ ਵਿਭਾਗ ਵੱਲੋਂ "ਹਰ ਸ਼ੁਕਰਵਾਰ ਡੇਂਗੂ ਤੇ ਵਾਰ" ਮੁਹਿੰਮ ਚਲਾਈ ਜਾ ਰਹੀ ਹੈ। ਇਸ ਮੁਹਿੰਮ ਦਾ ਉਦੇਸ਼ ਲੋਕਾਂ ਨੂੰ ਡੇਂਗੂ ਤੋਂ ਬਚਾਅ ਲਈ ਜਾਗਰੂਕ ਕਰਨਾ ਅਤੇ ਮੱਛਰਾਂ ਦੇ ਪ੍ਰਜਨਨ ਵਾਲੀਆਂ ਥਾਵਾਂ ਨੂੰ ਨਸ਼ਟ ਕਰਨਾ ਹੈ। ਇਸਦੇ ਬਾਵਜੂਦ ਸੂਬੇ ਵਿੱਚ ਡੇਂਗੂ ਦੇ ਮਾਮਲਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਲਈ, ਹੁਣ ਪਹਿਲਾਂ ਨਾਲੋਂ ਵੀ ਵੱਧ ਅਗੇਤਰੀ ਜਾਗਰੂਕਤਾ ਅਤੇ ਪ੍ਰਭਾਵਸ਼ਾਲੀ ਪ੍ਰਬੰਧਾਂ ਦੀ ਲੋੜ ਹੈ ਤਾਂ ਜੋ ਇਸ ਬਿਮਾਰੀ ਦੇ ਫੈਲਾਅ ਨੂੰ ਰੋਕਿਆ ਜਾ ਸਕੇ ਅਤੇ ਲੋਕਾਂ ਦੀ ਸਿਹਤ ਦੀ ਰਾਖੀ ਕੀਤੀ ਜਾ ਸਕੇ। ਡੇਂਗੂ ਦੇ ਆਮ ਲੱਛਣਾਂ ਵਿੱਚ ਤੇਜ਼ ਬੁਖਾਰ, ਸਿਰ ਦਰਦ, ਮਾਸਪੇਸ਼ੀਆਂ ਅਤੇ ਜੋੜਾਂ ਵਿੱਚ ਦਰਦ, ਅੱਖਾਂ ਦੇ ਪਿੱਛੇ ਦਰਦ, ਉਲਟੀ ਆਉਣਾ ਅਤੇ ਚਮੜੀ 'ਤੇ ਦਾਣੇ ਨਿਕਲਣਾ ਸ਼ਾਮਿਲ ਹਨ। ਜੇਕਰ ਕਿਸੇ ਵਿਅਕਤੀ ਵਿੱਚ ਇਹ ਲੱਛਣ ਦਿਖਾਈ ਦੇਣ, ਤਾਂ ਉਸਨੂੰ ਤੁਰੰਤ ਨੇੜਲੇ ਸਿਹਤ ਕੇਂਦਰ ਨਾਲ ਸੰਪਰਕ ਕਰਨਾ ਚਾਹੀਦਾ ਹੈ। ਸਮੇਂ ਸਿਰ ਜਾਂਚ ਅਤੇ ਇਲਾਜ ਨਾਲ ਇਸ ਬਿਮਾਰੀ ਨੂੰ ਗੰਭੀਰ ਰੂਪ ਲੈਣ ਤੋਂ ਬਚਾਇਆ ਜਾ ਸਕਦਾ ਹੈ।

ਡੇਂਗੂ ਤੋਂ ਬਚਾਅ ਲਈ ਸਭ ਤੋਂ ਮਹੱਤਵਪੂਰਨ ਕਦਮ ਮੱਛਰਾਂ ਦੇ ਪ੍ਰਜਨਨ ਨੂੰ ਰੋਕਣਾ ਹੈ। ਇਸਦੇ ਲਈ ਸਾਨੂੰ ਆਪਣੇ ਆਲੇ-ਦੁਆਲੇ ਸਫ਼ਾਈ ਰੱਖਣੀ ਚਾਹੀਦੀ ਹੈ ਅਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਕਿਤੇ ਵੀ ਪਾਣੀ ਇਕੱਠਾ ਨਾ ਹੋਵੇ। ਕੂਲਰਾਂ, ਗਮਲਿਆਂ, ਟਾਇਰਾਂ ਅਤੇ ਹੋਰ ਖੁੱਲ੍ਹੀਆਂ ਥਾਵਾਂ 'ਤੇ ਜਮ੍ਹਾਂ ਹੋਏ ਪਾਣੀ ਨੂੰ ਨਿਯਮਿਤ ਤੌਰ 'ਤੇ ਖ਼ਾਲੀ ਕਰਨਾ ਚਾਹੀਦਾ ਹੈ। ਘਰਾਂ ਵਿੱਚ ਮੱਛਰਦਾਨੀ ਦੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਸਰੀਰ ਨੂੰ ਪੂਰੀ ਤਰ੍ਹਾਂ ਢੱਕਣ ਵਾਲੇ ਕੱਪੜੇ ਪਹਿਨਣੇ ਚਾਹੀਦੇ ਹਨ। ਸਰਕਾਰ ਅਤੇ ਸਿਹਤ ਵਿਭਾਗ ਨੂੰ ਵੀ ਇਸ ਦਿਸ਼ਾ ਵਿੱਚ ਹੋਰ ਸਰਗਰਮ ਹੋਣ ਦੀ ਲੋੜ ਹੈ। ਡੇਂਗੂ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਲਈ ਵਿਆਪਕ ਪੱਧਰ 'ਤੇ ਮੁਹਿੰਮਾਂ ਚਲਾਉਣੀਆਂ ਚਾਹੀਦੀਆਂ ਹਨ। ਸਕੂਲਾਂ, ਕਾਲਜਾਂ ਅਤੇ ਪਿੰਡਾਂ ਵਿੱਚ ਜਾਗਰੂਕਤਾ ਕੈਂਪ ਲਗਾਉਣੇ ਚਾਹੀਦੇ ਹਨ ਤਾਂ ਜੋ ਲੋਕਾਂ ਨੂੰ ਇਸ ਬਿਮਾਰੀ ਦੇ ਕਾਰਨਾਂ, ਲੱਛਣਾਂ ਅਤੇ ਬਚਾਅ ਦੇ ਤਰੀਕਿਆਂ ਬਾਰੇ ਜਾਣਕਾਰੀ ਮਿਲ ਸਕੇ। ਇਸ ਤੋਂ ਇਲਾਵਾ, ਹਸਪਤਾਲਾਂ ਵਿੱਚ ਡੇਂਗੂ ਦੇ ਮਰੀਜ਼ਾਂ ਦੇ ਇਲਾਜ ਲਈ ਲੋੜੀਂਦੇ ਪ੍ਰਬੰਧਾਂ ਨੂੰ ਯਕੀਨੀ ਬਣਾਉਣਾ ਵੀ ਜ਼ਰੂਰੀ ਹੈ।ਪੰਜਾਬ ਦੇ ਲੋਕਾਂ ਨੂੰ ਵੀ ਆਪਣੀ ਜ਼ਿੰਮੇਵਾਰੀ ਸਮਝਣੀ ਚਾਹੀਦੀ ਹੈ। ਸਾਨੂੰ ਸਾਰਿਆਂ ਨੂੰ ਮਿਲ ਕੇ ਆਪਣੇ ਆਲੇ-ਦੁਆਲੇ ਦੀ ਸਫ਼ਾਈ ਦਾ ਧਿਆਨ ਰੱਖਣਾ ਚਾਹੀਦਾ ਹੈ ਅਤੇ ਮੱਛਰਾਂ ਦੇ ਪ੍ਰਜਨਨ ਨੂੰ ਰੋਕਣ ਵਿੱਚ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਜੇਕਰ ਅਸੀਂ ਸਾਰੇ ਮਿਲ ਕੇ ਇੱਕਜੁੱਟ ਹੋ ਕੇ ਕੰਮ ਕਰਾਂਗੇ, ਤਾਂ ਅਸੀਂ ਯਕੀਨਨ ਹੀ ਡੇਂਗੂ ਦੇ ਖ਼ਤਰੇ ਨੂੰ ਘੱਟ ਕਰਨ ਵਿੱਚ ਸਫਲ ਹੋ ਸਕਾਂਗੇ ਅਤੇ ਆਪਣੇ ਸੂਬੇ ਨੂੰ ਇੱਕ ਸਿਹਤਮੰਦ ਸਥਾਨ ਬਣਾ ਸਕਾਂਗੇ। ਆਓ, ਅੱਜ ਹੀ ਤੋਂ ਅਗੇਤੀ ਜਾਗਰੂਕਤਾ ਅਤੇ ਪ੍ਰਭਾਵਸ਼ਾਲੀ ਪ੍ਰਬੰਧਾਂ ਵੱਲ ਧਿਆਨ ਦੇਈਏ ਤਾਂ ਜੋ ਭਵਿੱਖ ਵਿੱਚ ਡੇਂਗੂ ਦੇ ਕਾਰਨ ਕਿਸੇ ਵੀ ਕੀਮਤੀ ਜਾਨ ਦਾ ਨੁਕਸਾਨ ਨਾ ਹੋਵੇ।



**ਚਾਨਣਦੀਪ ਸਿੰਘ ਔਲਖ, ਪਿੰਡ ਗੁਰਨੇ ਖ਼ੁਰਦ (ਮਾਨਸਾ), ਸੰਪਰਕ 9876888177**




Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition


# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X
@samajweekly

## ਸਾਡੇ ਵਟਸਅੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## +44 7878 456484

email:-Samajweekly@gmail.com